# ਰੇਡੀਓ ਲੜੀਵਾਰ:ਜਲਵਾਯੂ ਬਦਲਾਅ – ਕਿਉਂ ਬਦਲ ਰਹੀ ਹੈਂ ਫਿਜ਼ਾਏਂ

## ਕੜੀ-21 ਜਲਵਾਯੂ-ਪਰਿਵਰਤਨ ਦੇ ਮਾੜੇ ਪ੍ਰਭਾਵ – ਭਾਗ 2

## (‘Climate Change –Harmful Impact -2 )

ਮੁੱਖ ਖੋਜ ਤੇ ਲੇਖਣ: ਸ਼੍ਰੀ ਦਿਲੀਪ ਕੁਮਾਰ ਝਾ

ਪੰਜਾਬੀ ਰੁਪਾਂਤਰ ਤੇ ਲੇਖਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

(In this episode, ‘Climate Change –Harmful Impact -2’, the story of the harmful consequences of the phenomenon of the climate change on the Biodiversity and human health and habitate have been discussed as a dialogue in a family setting by taking the story of the untimely rain and hail storm in Delhi. The origin of the issue of the climate change, the gross variation in biodiversity due to climate change and global warming, loss of biodiversity due to the phenomenal rise in temperature and the science behind it, has been made the focus as one of the major adverse impacts. The second issue is the science of emergence of new diseases and the diseases becoming more severe and killing , the spread of viral diseases and the emrgence of diseases out of their traditional season of occurrence, has also been explained with examples. Last but not the least is the scaricity and pollution of water leading to increase in water borne diseases has been explained in this story. )

(ਇਸ ਕੜੀ ‘ਜਲਵਾਯੂ ਪਰਿਵਰਤਨ ਦੇ ਮਾੜੇ ਪ੍ਰਭਾਵ ਭਾਗ -2’ ਵਿੱਚ ਜਲਵਾਯੂ ਪਰਿਵਰਤਨ ਵਰਤਾਰੇ ਦੇ ਧਰਤ ਗ੍ਰਹਿ ਦੇ ਉਪਰ ਵਿਚਰ ਰਹੀ ਜੈਵਿਕ ਵਿਭਿੰਨਤਾ ਅਤੇ ਮਨੁੱਖੀ ਸਿਹਤ ਤੇ ਰੈਣ -ਬਸੇਰਿਆਂ ਉਪਰ ਪੈਂਦੇ ਪ੍ਰਤੀਕੂਲ ਪ੍ਰਭਾਵਾਂ ਦੀ ਚਰਚਾ ਅਤੇ ਨਿੱਕਲਨ ਵਾਲੇ ਮਾੜੇ ਨਤੀਜਿਆਂ ਦੀ ਕਹਾਣੀ ਇੱਕ ਪਰਿਵਾਰਕ ਵਾਰਤਾਲਾਪ ਰਾਹੀਂ ਸੁਣਾਈ ਗਈ ਹੈ ਜਿਸਦੀ ਸੁਰੂਆਤ ਦਿਲੀ ਵਰਗੇ ਮਹਾਨਗਰ ਵਿੱਚ ਮਾਰਚ ਦੇ ਮਹੀਨੇ ਆਈ ਬੇਮੌਸਮੀ ਅੰਧਾ-ਧੁੰਦ ਵਰਖਾ, ਝਖੜ ਅਤੇ ਔਲੇ ਪੈਣ ਦੀ ਘਟਣਾ ਤੋਂ ਕੀਤੀ ਗਈ ਹੈ । ਜਲਵਾਯੂ ਬਦਲਾਅ ਸ਼ਬਦ ਦਾ ਆਗਾਜ਼ , ਜਲਵਾਯੂ ਬਦਲਾਅ ਅਤੇ ਆਲਮੀ ਤਪਸ਼ ਕਾਰਨ ਜੈਵ ਵਿਭਿੰਨਤਾ ਵਿੱਚ ਹੋਏ ਵੱਡੇ ਬਦਲਾਅ,ਤਾਪਮਾਨ ਦੇ ਇੱਕ ਲਖਤ ਵਾਧੇ ਕਾਰਨ ਜੈਵ ਵਿਭਿੰਨਤਾ ਉਪਰ ਵੱਡੀ ਵਦਾਨੀ ਚੋਟ ਕਾਰਨ ਇਸ ਵਿੱਚ ਆਈ ਵਿਸ਼ਾਲ ਪੱਧਰ ਦੀ ਘਾਟ ਦੀ ਵਿਗਿਆਨ ਬਾਬਤ ਅਤੇ ਇਸਦੇ ਮਾੜੇ ਪ੍ਰਭਾਵਾਂ ਬਾਬਤ ਚਰਚਾ ਕੀਤੀ ਗਈ ਹੈ । ਦੂਸਰਾ ਪੱਖ ਹੈ ਨਵੀਂਆਂ ਨਵੀਂਆਂ ਬਿਮਾਰੀਆਂ ਦਾ ਆਉਣਾ , ਬਿਮਾਰੀਆਂ ਦਾ ਜਿਆਦਾ ਮਾਰੂ ਹੋਣਾ , ਵਿਸ਼ਾਣੀ (ਵਾਇਰਲ) ਬਿਮਾਰੀਆਂ ਦਾ ਫੈਲਣਾ ਅਤੇ ਬਿਮਾਰੀਆਂ ਦੇ ਬੇ ਮੌਸਮੇ ਹੋ ਜਾਣ ਦੇ ਪਿੱਛੇ ਵਿਗਿਆਨ ‘ਤੇ ਉਦਹਾਰਣਾਂ ਸਹਿਤ ਗੱਲ ਕੀਤੀ ਹੈ ਆਖਰੀ ਪਰ ਬਹੁਤ ਜਰੂਰੀ ਪੱਖ ਹੈ ਕਿ ਪਾਣੀ ਦਾ ਸੰਕਟ, ਪ੍ਰਦੂਸ਼ਣ, ਤੇ ਪ੍ਰਦੂਸ਼ਿਤ ਪਾਣੀ ਨਾਲ ਫੈਲਣ ਵਾਲੀਆਂ ਬਿਮਾਰੀਆਂ ਦੇ ਵਾਧੇ ਦੀ ਵੀ ਵਿਆਖਿਆ ਇਸ ਵਿੱਚ ਕੀਤੀ ਗਈ ਹੈ ।)

### ਪਾਤਰ

**ਔਰਤ ਸੂਤਰਧਾਰ**

**ਮਰਦ ਸੂਤਰਧਾਰ**

**ਅਕਾਸ਼:** ਸੱਤਵੀਂ ਜਮਾਤ ਦਾ ਵਿਦਿਆਰਥੀ

**ਬਾਨੀ:** ਦਸਵੀਂ ਜਮਾਤ ਦੀ ਵਿਦਿਆਰਥਣ

**ਪ੍ਰੋ. ਬੱਤਰਾ (ਪਿਤਾ ਜੀ):** ਰਸਾਇਣ ਸ਼ਾਸਤਰ ਦੇ ਪ੍ਰੋਫੈਸਰ

**ਦਾਮਿਨੀ (ਮਾਂ):** ਵਿਗਿਆਨ ਦੀ ਅਧਿਆਪਿਕਾ

**ਬਿਪਿਨ (ਚਾਚਾ ਜੀ):** ਯੂਨੀਵਰਸਿਟੀ/ਕਾਲਜ ਪ੍ਰੋਫੈਸਰ ਅਤੇ
**ਡਾ. ਪਾਂਡੇ:** **ਵਿਗਿਆਨੀ ਤੇ ਜਲਵਾਯੂ ਮਾਹਰ**

**ਸ਼ੁਰੂਆਤੀ ਐਲਾਨ**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ......

**ਸੰਗੀਤ**......

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, **ਜਲਵਾਯੂ ਬਦਲਾਅ ਦੀ ਵਿਗਿਆਨ ਦੇ** ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ" ਦੀ ਇੱਕੀਵੀਂ ਕੜੀ "ਜਲਵਾਯੂ ਪਰਿਵਰਤਨ ਦੇ ਮਾੜੇ ਪ੍ਰਭਾਵ ਭਾਗ -2"।**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਮੁੜ ਸੁਣਾਇਆ ਜਾਵੇਗਾ)

**ਔਰਤ ਸੂਤਰਧਾਰ:** ਹਾਂ ਜੀ। ਪਿਆਰੇ ਸ੍ਰੋਤਿਓ ...ਸੁਆਗਤ ਹੈ ਜੀ ਤੁਹਾਡਾ ਸਭ ਦਾ ਅੱਜ ਦੇ **"ਜਲਵਾਯੂ ਬਦਲਾਅ ਦੀ ਵਿਗਿਆਨ"** ਦੇ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** ਦੀ ਇੱਕੀਵੀਂ ਕੜੀ ਵਿੱਚ।

**ਮਰਦ ਸੂਤਰਧਾਰ:** ਹਾਂ! ਇਸ ਲੜੀਵਾਰ **"ਕਿਉਂ ਬਦਲ ਰਹੀ ਹੈਂ ਫਿਜ਼ਾਏਂ"** ਦੀ ਪਿਛਲੀ ਕੜੀ ਵਿੱਚ ਕੀਤੀ ਸੀ ਅਸੀਂ ਚਰਚਾ ਕੁੱਝ ਕੁ ਉਨ੍ਹਾਂ ਮਾੜੇ ਪ੍ਰਭਾਵਾਂ ਦੀ ਪੈਂਦੇ ਨੇ ਜੋ ਜਲਵਾਯੂ ਬਦਲਅ ਦੇ ਕਾਰਨ !

**ਔਰਤ ਸੂਤਰਧਾਰ:** ਸੁਣਿਆ ਸੀ ਅਸੀਂ ਕਿ ਕਿਵੇਂ ਕਰਦਾ ਹੈ ਜਲਵਾਯੂ ਬਦਲਾਅ ਪ੍ਰਭਾਵਤ, ਇਸ ਧਰਤ ਗ੍ਰਹਿ ਨੂੰ ਅਤੇ ਮਨੁੱਖੀ ਜੀਵਣ ਨੂੰ !

**ਮਰਦ ਸੂਤਰਧਾਰ:** ਹਾਂ ਜੀ ਸੁਰੂ ਹੋ ਗਈ ਸੀ ਕਹਾਣੀ ਅੰਧਾ -ਧੂੰਦ ਹੋਈ ਬਾਰਸ਼ ਕਾਰਨ ਸੜਕਾਂ 'ਤੇ ਲੱਗੇ ਜਾਮ ਦੀ ਘਟਣਾ ਤੋਂ !

**ਔਰਤ ਸੂਤਰਧਾਰ:** ਇਸ ਕੜੀ ਵਿੱਚ ਅਸੀਂ ਛੋਹੇ ਸਨ ਕਿੱਸੇ ਉਨ੍ਹਾਂ ਮਾੜੇ ਪ੍ਰਭਾਵਾਂ ਦੇ ਜਿਹੜੇ ਪੈਂਦੇ ਨੇ ਸਾਡੇ ਉਪਰ ਜਲਵਾਯੂ ਬਦਲਾਅ ਅਤੇ ਆਲਮੀ ਤਪਸ਼ ਦੇ ਸਿੱਟੇ ਵਜੋਂ !

**ਮਰਦ ਸੂਤਰਧਾਰ:** ਕੀਤੀ ਸੀ ਪੇਸ਼ਕਾਰੀ ਮਾਹਰਾਂ ਦੇ ਬੋਲਾਂ ਦੇ ਰਾਹੀਂ ਉਨ੍ਹਾਂ ਕਾਰਨਾਂ ਦੀ ਜਿਹੜੇ ਬਣਦੇ ਨੇ ਮੁੱਖ ਕਾਰਕ ਜਲਵਾਯੂ ਦੇ ਇਸ ਬਦਲਾਅ ਵਿੱਚ !

**ਔਰਤ ਸੂਤਰਧਾਰ:** ਵੇਖੋ ਜੀ! ਸੁਣ ਲਿਆ ਸੀ ਅਸੀਂ ਬ੍ਰਿਤਾਂਤ ਕਿ ਕਿਵੇਂ ਧਰੁਵੀ ਬਰਫਾਨੀ ਟੋਪੀਆਂ ਦੇ ਪਿਘਲਣ ਨਾਲ ਚਵ੍ਹ ਜਾਂਦਾ ਹੈ ਸਮੁੰਦਰ ਦੇ ਪਾਣੀ ਦਾ ਪੱਧਰ !

**ਮਰਦ ਸੂਤਰਧਾਰ:** ਸਪਸ਼ਟ ਹੋ ਗਿਆ ਸੀ ਕਿ ਸਮੁੰਦਰ ਦੇ ਜਲ ਪੱਧਰ ਦੇ ਵਾਧੇ ਕਾਰਨ ਜਲ ਮਗਨ ਹੋ ਜਾਣਗੇ ਤਟ ਵਰਤੀ ਸ਼ਹਿਰ ਤੇ ਪਿੰਡ , ਮਾਰ ਕਰੇਗਾ ਇਹ ਚੜ੍ਹਦਾ ਜਲ 60 ਕਿਲੋ ਮੀਟਰ ਦੀ ਦੂਰੀ ਤੱਕ ਅਤੇ ਤਹਿਸ਼ -ਨਹਿਸ ਹੋ ਜਾਵੇਗਾ ਜਨ ਜੀਵਣ !

**ਔਰਤ ਸੂਤਰਧਾਰ:** ਸੁਣੀ ਸੀ ਕਹਾਣੀ ਕਿ ਕਿਵੇਂ ਖੀਣ ਹੋ ਜਾਵੇਗੀ ਸਮੁੰਦਰਾਂ ਦੀ ਕਾਰਬਨ ਸੋਖਣ ਸ਼ਕਤੀ ਜਿਸ ਨਾਲ ਵਧ ਜਾਵੇਗਾ ਕਾਰਬਨ ਪੱਧਰ ਇਸ ਵਾਯੂ ਮੰਡਲ ਵਿੱਚ!

**ਮਰਦ ਸੂਤਰਧਾਰ:** ਹੋਈ ਸੀ ਗੱਲ ਕਾਈਆਂ ਦੇ ਜਹਿਰ-ਬਾਅ ਕਾਰਨ ਮੱਛੀਆਂ ਵਿੱਚ ਫੈਲਦੇ ਜਹਿਰ-ਬਾਅ ਦੀ ਅਤੇ

ਉਨ੍ਹਾਂ ਰਾਹੀ ਮਨੁੱਖਾਂ ਵਿੱਚ ਪੈਦਾ ਹੋਣ ਵਾਲੀਆਂ ਬਿਮਾਰੀਆਂ ਦੀ !

**ਔਰਤ ਸੂਤਰਧਾਰ:** ਸੁਣਾ ਦਿੱਤੀ ਸੀ ਕਹਾਣੀ ਇਸ ਨਾਲ ਪੈਦਾ ਹੋਣ ਵਾਲੇ ਸੋਕਿਆਂ ਦੀ, ਹੜ੍ਹਾਂ ਦੀ , ਭੂਮੀ-ਖੋਰ ਦੀ ਅਤੇ ਖੇਤੀ ਵਿੱਚ ਹੋਣ ਵਾਲੇ ਬਦਲਾਵਾਂ ਦੀ ਅਤੇ ਝਾੜ ਘਟਣ ਦੀ !

**ਮਰਦ ਸੂਤਰਧਾਰ:** ਅੱਜ ਦੀ ਇਸ ਕੜੀ ਵਿੱਚ ਸੁਣਾਂਗੇ ਅਸੀਂ ਕਹਾਣੀ, ਜਲਵਾਯੂ ਦੇ ਬਦਲਾਅ ਕਾਰਨ ਜੈਵ ਵਿਭਿੰਨਤਾ , ਬਿਮਾਰੀਆਂ ਅਤੇ ਪਾਣੀ ਦੇ ਪ੍ਰਦੂਸ਼ਣ ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਦੀ !

**ਔਰਤ ਸੂਤਰਧਾਰ** : ਸੁਣੋ ਇਸ ਨਵੇਂ ਲੜੀਵਾਰ **'ਕਿਉਂ ਬਦਲ ਰਹੀ ਹੈਂ ਫਿਜ਼ਾਏਂ'** ਦੀ ਇੱਕੀਵੀਂ ਕੜੀ **"ਜਲਵਾਯੂ-ਪਰਿਵਰਤਨ ਦੇ ਮਾੜੇ ਪ੍ਰਭਾਵ - ਭਾਗ 2"!** ਇਉਂ ਕਰਦੇ ਨੇ ਪੇਸ਼ ਸਾਡੇ ਇਹ ਕਲਾਕਾਰ!

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਦੂਜਾ**......

**(ਰੇਲਵੇ ਸਟੇਸ਼ਨ: ਸ਼ੋਰਗੁਲ ਅਤੇ ਚਹਿਲ-ਪਹਿਲ ਦੀ ਅਵਾਜ਼)**

**ਬਾਨੀ:** ਹੁਣ ਆਪਾਂ ਸਭ ਦਿੱਲੀ ਪਹੁੰਚ ਗਏ ਆਂ।

**ਅਕਾਸ਼:** ਅੱਛਾ! ਇਹ ਨਵੀਂ ਦਿੱਲੀ ਰੇਲਵੇ ਸਟੇਸ਼ਨ ਏ।(ਖ਼ੁਸ਼ੀ ਨਾਲ) ਮਤਲਬ ਆਪਾਂ ਸਭ ਦਿੱਲੀ ਆ ਗਏ ਆਂ।

**ਪਿਤਾ ਜੀ:** ਹਾਂ, ਆਖ਼ਰ 24 ਘੰਟਿਆਂ ਦੀ ਯਾਤਰਾ ਤੋਂ ਬਾਅਦ ਆਪਾਂ ਦਿੱਲੀ ਪਹੁੰਚ ਹੀ ਗਏ ਆਂ।

**ਬਾਨੀ:** (ਹੈਰਾਨੀ ਨਾਲ) 18 ਘੰਟਿਆਂ ਦੀ ਯਾਤਰਾ ਵਿਚ 24 ਘੰਟੇ ਲਗ ਗਏ !

**ਪਿਤਾ ਜੀ:** ਰਸਤੇ ਵਿਚ ਤੂੰ ਖ਼ੁਦ ਹੀ ਮਹਿਸੂਸ ਕੀਤਾ ਕਿ ਰੇਲ ਕਈ ਜਗ੍ਹਾ ਰੁਕੀ, ਚਲਦੀ ਵੀ ਹੌਲੀ ਹੌਲੀ ਸੀ ! ਇਕਹਿਰੀ ਲਾਈਨ ਹੋਣ ਕਾਰਨ ਕਰਸ ਵੀ ਦੇਣੇ ਪੈਂਦੇ ਸਨ !

**ਬਾਨੀ:** ਉਹ ਵੇਖੋ ਬਿਪਿਨ ਚਾਚਾ, ਉਹ ਸਾਨੂੰ ਹੀ ਲੱਭ ਰਹੇ ਨੇ।

**ਪਿਤਾ ਜੀ:** ਹਾਂ, ਬਿਪਿਨ ਓ ਬਿਪਿਨ,

**ਬਿਪਿਨ:** ਅਰੇ ਭਾਈ ਸਾਹਬ, ਤੁਹਾਡੇ ਸਭ ਦਾ ਹੀ ਇੰਤਜ਼ਾਰ ਸੀ। ਇਥੇ ਤਾਂ ਮੋਬਾਇਲ ਨੈੱਟਵਰਕ ਵੀ ਠੀਕ ਤਰ੍ਹਾਂ ਕੰਮ ਨਹੀਂ ਕਰ ਰਿਹਾ। ਜਲਦੀ ਚਲਦੇ ਹਾਂ ..... ਮੀਂਹ ਦੀ ਵੀ ਸੰਭਾਵਨਾ ਏ।

**ਪਿਤਾ ਜੀ:** ਹਾਂ-ਹਾਂ ਚਲੋ, ਸਭ ਅਪਣਾ-ਅਪਣਾ ਸਮਾਨ ਉਠਾ ਲਓ।

**ਭੀੜ ਦੇ ਨਾਲ ਬਾਹਰ ਨਿਕਲਣ ਅਤੇ ਗੱਡੀ ਸਟਾਰਟ ਕਰਨ ਦੀ ਅਵਾਜ਼।**

**ਅਕਾਸ਼:** ਪਰ ਚਾਚਾ ਜੀ, ਅਸੀਂ ਤਾਂ ਪੜ੍ਹਿਆ ਸੀ ਕਿ ਫਰਵਰੀ ਅਤੇ ਮਾਰਚ ਦਾ ਮਹੀਨਾ ਦਿੱਲੀ ਘੁੰਮਣ ਲਈ ਸਭ ਤੋਂ ਵਧੀਆ ਹੁੰਦਾ ਏ। ਪਰ ਜੇ ਇਥੇ ਵੀ ਬੇ-ਮੌਸਮੀ ਮੀਂਹ ਹੁੰਦੀ ਏ ਤਾਂ ਆਪਾਂ ਦਿੱਲੀ ਕਿਵੇਂ ਘੁੰਮਾਂਗੇ?

**ਬਿਪਿਨ ਚਾਚਾ:** ਹਾਂ! ਹੁਣ ਕਿਹਾ ਜਾਂਦਾ ਏ ਕਿ ਜਲਵਾਯੂ-ਪਰਿਵਰਤਨ ਦੇ ਮਾੜੇ ਪ੍ਰਭਾਵਾਂ ਦੇ ਕਾਰਨ ਮੌਸਮ ਬਦਲ ਰਿਹਾ ਏ।

**ਅਕਾਸ਼:** ਜਲਵਾਯੂ-ਪਰਿਵਰਤਨ (ਹੈਰਾਨੀਜਨਕ ਸੁਰ ਵਿਚ) ! ਐਨਾ ਅਸਰ ?

**ਬਾਨੀ:** ਹਾਂ, ਸਾਡੇ ਸਰ ਵੀ ਜਲਵਾਯੂ-ਪਰਿਵਰਤਨ ਦੇ ਪ੍ਰਭਾਵਾਂ ਬਾਬਤ ਦਸਦੇ ਹੁੰਦੇ ਹਨ !

**ਪਿਤਾ ਜੀ:** ਇਸ ਬਾਰੇ ਤੁਹਾਡੇ ਬਿਪਿਨ ਚਾਚਾ ਚੰਗੀ ਤਰ੍ਹਾਂ ਦੱਸ ਸਕਦੇ ਨੇ।

……**ਦ੍ਰਿਸ਼ ਬਦਲਾਅ ਸੰਗੀਤ**……

……**ਦ੍ਰਿਸ਼ ਤੀਜਾ**……

(ਕਾਰ ਵਿੱਚ ਸਾਰੇ ਬੈਠ ਜਾਂਦੇ ਹਨ ਕਾਰ ਸਟਾਰਟ ਹੁੰਦੀ ਹੈ****** ਧੁਨੀ ਪ੍ਰਭਾਵ )

**ਅਕਾਸ਼:** ਹਾਂ, ਚਾਚਾ ਜੀ, ਸਾਨੂੰ ਜਲਵਾਯੂ-ਪਰਿਵਰਤਨ ਬਾਰੇ ਦੱਸੋ ਨਾ।

**ਬਿਪਿਨ ਚਾਚਾ:** ਪੁਛੋ, ਕੀ ਪੁੱਛਣਾ ਹੈ ?

**ਬਾਨੀ:** ਜਲਵਾਯੂ-ਪਰਿਵਰਤਨ 'ਤੇ ਐਨੀ ਚਰਚਾ ਕਿਉਂ ਹੋ ਰਹੀ ਏ ?ਪਹਿਲ -ਪ੍ਰਿਥਮੇ ਕਿਸ ਵਿਗਿਆਨੀ ਨੇ ਇਸ ਪਰਿਵਰਤਨ ਨੂੰ ਪਹਿਚਾਣਿਆ?

**ਬਿਪਿਨ ਚਾਚਾ:** ਵਾਲੇਸ ਸਮਿਥ ਬ੍ਰੋਕਰ ਨਾਮੀ ਵਿਗਿਆਨੀ ਨੇ ਸਭ ਤੋਂ ਪਹਿਲਾਂ ਜਲਵਾਯੂ-ਪਰਿਵਰਤਨ ਸ਼ਬਦ ਵਰਤਿਆ ! "ਗਲੋਬਲ ਵਾਰਮਿੰਗ" ਸ਼ਬਦ ਨੂੰ ਪ੍ਰਚਲਿਤ ਕਰਨ ਅਤੇ ਇਸਦਾ ਅਰਥ ਸਮਝਾਉਣ ਵਾਲੇ ਇਸ ਵਿਗਿਆਨੀ ਦਾ ਇਸੇ ਫਰਵਰੀ 2019 ਨੂੰ 87 ਸਾਲ ਦੀ ਉਮਰੇ ਦਿਹਾਂਤ ਹੋ ਗਿਆ। ਉਨ੍ਹਾਂ ਨੇ 1975 ਦੇ ਖੋਜ-ਪਰਚੇ ਵਿਚ ਵਾਯੂਮੰਡਲ ਅੰਦਰ ਕਾਰਬਨ ਡਾਇਆਕਸਾਈਡ ਦੀ ਵਧਦੀ ਮਾਤਰਾ ਨਾਲ ਗਲੋਬਲ ਵਾਰਮਿੰਗ ਵਧਣ ਬਾਬਤ ਲਿਖਿਆ ਸੀ।

**ਬਾਨੀ:** (ਹੈਰਾਨੀ ਨਾਲ) ਅੱਛਾ 1975 ਵਿਚ ਹੀ !

**ਬਿਪਿਨ ਚਾਚਾ:** ਹਾਂ ! ਜਲ ਅਤੇ ਪੋਸ਼ਕ ਤੱਤਾਂ ਦਾ ਸੰਚਾਰ ਕਰਨ ਵਾਲੀਆਂ ਸਮੁੰਦਰੀ ਧਾਰਾਵਾਂ ('ਮਹਾਂਸਾਗਰੀ ਕਨਵੇਅਰ ਬੈਲਟਾਂ') ਨੂੰ ਪਹਿਚਾਨਣ ਵਾਲੇ ਵੀ ਉਹ ਪਹਿਲੇ ਵਿਗਿਆਨੀ ਸਨ।

**ਅਕਾਸ਼:** ਇਸ ਮਹਾਨ ਵਿਗਿਆਨੀ ਬਾਰੇ ਹੋਰ ਦੱਸੋ ਨਾ।

**ਬਿਪਿਨ ਚਾਚਾ:** ਯੂ.ਐੱਸ.ਏ. ਦੇ ਸ਼ਿਕਾਗੋ ਵਿਖੇ 1931 ਵਿੱਚ ਜੰਮੇ ਵਾਲੇਸ ਸਮਿਥ ਬ੍ਰੋਕਰ ਨੇ 1959 ਵਿਚ ਕੋਲੰਬੀਆ ਯੂਨੀਵਰਸਿਟੀ ਵਿੱਚ ਵਾਤਾਵਰਨ, ਗਲੋਬਲ ਵਾਰਮਿੰਗ ਅਤੇ ਜਲਵਾਯੂ-ਪਰਿਵਰਤਨ ਉੱਤੇ ਕੰਮ ਕਰਨਾ ਸ਼ੁਰੂ ਕੀਤਾ। ਉਨ੍ਹਾਂ ਨੂੰ 'ਜਲਵਾਯੂ ਵਿਗਿਆਨ ਦੇ ਪਿਤਾਮਾ' ਕਿਹਾ ਜਾਂਦਾ ਹੈ। ਬ੍ਰੋਕਰ ਨੇ ਹੀ ਪਹਿਲ ਪ੍ਰਿਥਮੇ ਮਨੁੱਖਤਾ ਨੂੰ ਧਰਤੀ ਦੇ ਗਰਮ ਹੋਣ ਦੇ ਖ਼ਤਰੇ ਦੇ ਰੂ-ਬ-ਰੂ ਕਰਵਾਇਆ!

**ਬਾਨੀ:** ਵੇਖੋ-ਵੇਖੋ, ਮੀਂਹ ਦੇ ਨਾਲ-ਨਾਲ ਹੁਣ ਗੜੇ ਵੀ ਪੈਣ ਲੱਗ ਪਏ।

**ਅਕਾਸ਼:** ਹਾਂ-ਹਾਂ, ਗੜੇ ਤਾਂ ਬਹੁਤ ਤੇਜ਼ ਹਨ !

**ਦਾਮਿਨੀ:** ਹੈਂ ! ਇਸ ਮੌਸਮ ਵਿਚ ਦਿੱਲੀ ਵਰਗੇ ਸ਼ਹਿਰ ਵਿਚ ਗੜੇ ? ਸੜਕ 'ਤੇ , ਕਾਰਾਂ 'ਤੇ ਦੂਰ-ਦੂਰ ਤਕ ਸਫ਼ੇਦ ਚਾਦਰ ਜਿਹੀ ਬਿਛ ਗਈ ਏ !

**ਬਿਪਿਨ ਚਾਚਾ:** ਮੈਂ ਵੀ ਦਿੱਲੀ ਵਿੱਚ ਕਦੇ ਐਨੇ ਗੜੇ ਪੈਂਦੇ ਨਹੀਂ ਵੇਖੇ !

**ਦਾਮਿਨੀ (ਮਾਂ):** ਗੜੇ ਤਾਂ ਤੇਜ਼ ਹੋ ਰਹੇ ਨੇ ! ਅਜੇ ਹੋਰ ਕਿੰਨੀ ਦੂਰ ਜਾਣਾ ਏ ?

**ਬਿਪਿਨ ਚਾਚਾ:** ਬਸ ਪਹੁੰਚ ਗਏ ! ਲਓ ਅਪਣਾ ਘਰ ਆ ਗਿਆ ! ਹੁਣ ਆਰਾਮ ਕਰੋ, ਖਾਣਾ ਖਾਓ ਅਤੇ ਫਿਰ ਕੱਲ ਤੋਂ ਘੁੰਮਣਾ ਸ਼ੁਰੂ !

***********ਗੱਡੀ ਬੰਦ ਹੋਣ ਦੀ ਅਵਾਜ਼*************

……**ਦ੍ਰਿਸ਼ ਬਦਲਾਅ ਸੰਗੀਤ**……

……**ਦ੍ਰਿਸ਼ ਚੌਥਾ**……

(ਘਰ ਦਾ ਦ੍ਰਿਸ਼ ਸਵੇਰ ਵੇਲਾ , ਸਭ ਉੱਠ ਕੇ ਤਿਆਰ ਹੋ ਕੇ ਨਾਸ਼ਤੇ ਲਈ ਆ ਰਹੇ ਹਨ )

**ਬਿਪਿਨ ਚਾਚਾ:** ਚਲੋ ਬਈ, ਸਭ ਨਾਸ਼ਤੇ ਲਈ ਆ ਜਾਓ। ਫਿਰ ਘੁੰਮਣ ਨਿਕਲਾਂਗੇ ਅਤੇ ਖਾਣਾ ਵੀ ਬਾਹਰ ਹੀ ਖਾਵਾਂਗੇ।

**ਅਕਾਸ਼:** ਵਾਹ, ਖ਼ੂਬ ਘੁੰਮਾਂਗੇ! ਮਜ਼ੇ ਕਰਾਂਗੇ !

**ਪਿਤਾ ਜੀ:** ਜ਼ਰਾ ਰੇਡਿਓ ਆਨ ਕਰਨਾ। ਖ਼ਬਰਾਂ ਦਾ ਸਮਾਂ ਏ, ਨਾਸ਼ਤੇ ਦੇ ਨਾਲ-ਨਾਲ ਖ਼ਬਰਾਂ ਵੀ ਸੁਣਦੇ ਆਂ।

**ਬਿਪਿਨ ਚਾਚਾ:** ਹਾਂ-ਹਾਂ ਕਿਉਂ ਨਹੀਂ,

**ਰੇਡਿਓ ਆਨ ਕਰਨ ਦੀ ਅਵਾਜ਼**

**ਰੇਡਿਓ ਦੀ ਅਵਾਜ਼:**

ਇਹ ਅਕਾਸ਼ਵਾਣੀ ਹੈ, ਸਭ ਤੋਂ ਪਹਿਲਾਂ ਮੁੱਖ ਸਮਾਚਾਰ: ਦੇਸ਼ ਦੇ ਉੱਤਰੀ ਭਾਗਾਂ ਵਿੱਚ ਪੱਛਮੀ ਗੜਬੜੀ ਦੇ ਸਰਗਰਮ ਹੋਣ ਕਾਰਨ ਬਾਅਦ ਦੁਪਹਿਰ ਦਿੱਲੀ ਅਤੇ ਐਨ.ਸੀ.ਆਰ ਵਿਚ ਜ਼ਬਰਦਸਤ ਮੀਂਹ ਤੇ ਗੜੇ ਪਏ ! ਜੰਮੂ-ਕਸ਼ਮੀਰ ਵਿੱਚ ਸਥਿਤੀ ਦਿਨ-ਬ-ਦਿਨ ਸੁਧਰਦੀ ਜਾ ਰਹੀ ਹੈ ਅਤੇ ਲੋਕ ਸਰਕਾਰ ਦੇ ਸ਼ਾਂਤੀ-ਯਤਨਾਂ ਦਾ ਸਮਰਥਨ ਕਰਨ ਲਈ ਅੱਗੇ ਆ ਰਹੇ ਹਨ ! ਹੁਣ ਖ਼ਬਰਾਂ ਵਿਸਤਾਰ ਨਾਲ – ਮੌਨਸੂਨ ਦੌਰਾਨ ਮੀਂਹ ਨਾਲ ਗੜੇ ਪੈਣਾ ਇਕ ਆਮ ਗੱਲ ਹੈ, ਪਰ ਗਰਮੀ ਵਿੱਚ ਐਨਾ ਮੀਂਹ ਤੇ ਗੜੇ ਬਹੁਤ ਹੀ ਨਿਵੇਕਲੀ

ਘਟਣਾ ਹੈ ਕਈ ਥਾਈਂ ਸੜਕਾਂ 'ਤੇ ਪਹਾੜੀ ਇਲਾਕੇ ਵਰਗਾ ਦ੍ਰਿਸ਼ ਵੇਖਣ ਨੂੰ ਮਿਲਿਆ। ਮੌਸਮ ਵਿਭਾਗ ਨੇ ਰਾਤ ਨੂੰ ਭਾਰੀ ਵਰਖਾ ਦੀ ਭਵਿੱਖਵਾਣੀ ਕੀਤੀ ਹੈ।

**ਬਾਨੀ:** ਐਨੇ ਜ਼ਿਆਦਾ ਗੜੇ!!! ਚੰਗਾ ਹੋਇਆ ਆਪਾਂ ਸਮੇਂ ਸਿਰ ਘਰ ਪਹੁੰਚ ਗਏ।

**ਅਕਾਸ਼:** ਪਾਪਾ! ਮੀਂਹ ਤਾਂ ਫ਼ਸਲਾਂ ਲਈ ਵੀ ਲਾਭਦਾਇਕ ਹੁੰਦਾ ਹੈ ਨਾ। ਇਸ ਨਾਲ ਕਿਸਾਨਾਂ ਨੂੰ ਨੁਕਸਾਨ ਹੋਣ ਦੀ ਖ਼ਬਰ ਹੈ ! ਅਜਿਹਾ ਕਿਉਂ?

**ਪਿਤਾ ਜੀ:** ਅਜਿਹਾ ਬੇ-ਮੌਸਮਾ ਮੀਂਹ ਫ਼ਸਲਾਂ ਲਈ ਹਾਨੀਕਾਰਕ ਹੁੰਦਾ ਹੈ। ਇਸ ਸਮੇਂ ਸਰ੍ਹੋਂ ਦੀ ਫ਼ਸਲ 'ਤੇ ਫੁੱਲ ਆ ਗਏ ਨੇ ! ਫਲੀ ਤਿਆਰ ਕਰਨ ਲਈ ਉਸ ਵਿਚ ਪਰਾਗਣ ਪ੍ਰਕਿਰਿਆ ਸ਼ੁਰੂ ਹੋਣੀ ਹੈ।ਪਰ ਕੱਲ੍ਹ ਵਾਲੀ ਬਰਸਾਤ ਤੇ ਗੜੇਮਾਰੀ ਨਾਲ ਖੜੀ ਸਰ੍ਹੋਂ ਦੀ ਪਰਾਗਣ ਪ੍ਰਕਿਰਿਆ ਕਾਫੀ ਪ੍ਰਭਾਵਿਤ ਹੋਵੇਗੀ। ਇਸ ਨਾਲ ਝਾੜ ਬਹੁਤ ਜਿਆਦਾ ਘਟਣ ਦਾ ਅਨੁਮਾਨ ਹੈ। ਜੇਕਰ ਲਗਾਤਾਰ ਜ਼ਿਆਦਾ ਮੀਂਹ ਤੇ ਗੜੇ ਪੈਂਦੇ ਰਹੇ ਤਾਂ ਉਹ ਕਣਕ ਨੂੰ ਵੀ ਬਹੁਤ ਨੁਕਸਾਨ ਪਹੁੰਚਾਉਣਗੇ !

**ਅਕਾਸ਼:** ਪਰ ਪਿਤਾ ਜੀ, ਅੱਜ ਦੇ ਲਈ ਵੀ ਤੇਜ਼ ਮੀਂਹ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਹੋ ਸਕਦਾ ਹੈ ਫਿਰ ਤੋਂ ਗੜੇ ਪੈਣ। ਤਾਂ ਫਿਰ ਆਪਾਂ ਲੋਕ ਕਿਵੇਂ ਘੁੰਮਾਂਗੇ?

**ਬਾਨੀ:** ਹਾਂ, ਇੰਝ ਤਾਂ ਆਪਣੀਆਂ ਛੁੱਟੀਆਂ ਹੀ ਬੇਕਾਰ ਚਲੀਆਂ ਜਾਣਗੀਆਂ।

**ਦਾਮਿਨੀ:** ਹੁਣ ਕੀ ਕਰੀਏ, ਜਲਵਾਯੂ-ਪਰਿਵਰਤਨ ਦਾ ਪ੍ਰਭਾਵ ਅਜਿਹਾ ਹੋ ਰਿਹਾ ਏ ਕਿ ਮੌਸਮਾਂ ਅਤੇ ਰੁੱਤਾਂ ਦਾ ਸਮਾਂ ਵੀ ਬਦਲ ਰਿਹਾ ਏ।

**ਬਾਨੀ+ਅਕਾਸ਼:** (ਇਕ ਸੁਰ ਵਿਚ) ਜਲਵਾਯੂ-ਪਰਿਵਰਤਨ ਨਾਲ ਮੌਸਮਾਂ ਅਤੇ ਰੁੱਤਾਂ ਦਾ ਸਮਾ ਵੀ ਬਦਲ ਰਿਹਾ ਏ। ਆਖ਼ਿਰ ਅਜਿਹਾ ਕਿਉਂ?

**ਦਾਮਿਨੀ:** ਪਹਿਲਾਂ ਤੁਸੀਂ ਸਭ ਨਾਸ਼ਤਾ ਕਰ ਲਓ, ਫਿਰ ਗਰਮਾ-ਗਰਮ ਦੁੱਧ ਪੀਂਦੇ ਹੋਏ ਤੁਹਾਡੇ ਚਾਚਾ ਜੀ ਤੋਂ ਪੂਰੀ ਜਾਣਕਾਰੀ ਲੈਂਦੇ ਹਾਂ।

**ਪਿਤਾ ਜੀ:** ਹਾਂ, ਹਾਂ ਕਿਉਂ ਨਹੀਂ।

**ਬਿਪਿਨ:** ਭਾਬੀ ਜੀ ਤੁਸੀਂ ਨਾਸ਼ਤੇ ਵਿਚ ਡੋਸਾ ਤੇ ਸਾਂਬਰ ਬਣਾ ਕੇ ਤਾਂ ਘਰ ਦੀ ਯਾਦ ਦਿਵਾ ਦਿੱਤੀ ਏ।

**ਪਿਤਾ ਜੀ:** ਖਾਣੇ ਦੀ ਵੀ ਪੀ ਐਚ ਡੀ ਨੇ ਇਹ ਤਾਂ !

**ਅਕਾਸ਼:** ਤੁਸੀਂ ਲੋਕ ਖਾਣੇ ਦੀਆਂ ਹੀ ਗੱਲਾਂ ਕਰੋਗੇ ਜਾਂ ਸਾਨੂੰ ਜਲਵਾਯੂ-ਪਰਿਵਰਤਨ ਬਾਰੇ ਵੀ ਦੱਸੋਗੇ।

**ਮਾਂ:** ਪਹਿਲਾਂ ਖਾ ਲਓ, ਫਿਰ ਸੁਣ ਲੈਣਾ ਗਿਆਨ ਦੀਆਂ ਗੱਲਾਂ।

**ਬਾਨੀ+ਅਕਾਸ਼:** (ਇਕ ਸੁਰ ਵਿਚ), ਠੀਕ ਹੈ ਮਾਂ।

**ਧੁਨੀ-ਪ੍ਰਭਾਵ**

**ਬਾਨੀ:** ਮੌਸਮ ਅਤੇ ਰੁੱਤਾਂ ਵਿੱਚ ਆ ਰਹੇ ਪਰਿਵਰਤਨ ਦਾ ਪ੍ਰਭਾਵ ਹੋਰ ਦੇਸ਼ਾਂ ਵਿਚ ਕਿਹੋ ਜਿਹਾ ਹੈ ?

**ਬਿਪਿਨ:** ਦੁਨੀਆਂ ਦੇ ਦੂਸਰੇ ਦੇਸ਼ਾਂ ਵਿਚ ਵੀ ਗਰਮੀ ਅਤੇ ਸਰਦੀ ਦਾ ਪ੍ਰਭਾਵ ਅਣਕਿਆਸਾ ਹੋ ਗਿਆ ਏ ਯਾਨੀ ਜਦੋਂ ਗਰਮੀ ਦਾ ਸਮਾਂ ਨਹੀਂ ਸੀ ਤਾਂ ਉਥੇ ਗਰਮੀ ਵਧ ਗਈ ਤੇ ਸਰਦੀ ਦੇ ਸਮੇਂ 'ਤੇ ਵੀ ਪ੍ਰਭਾਵ ਵਧਿਆ ਹੈ। ਧਰਤੀ ਦਾ ਤਾਪਮਾਨ ਅਤੇ ਸਮੁੰਦਰ ਦਾ ਜਲ-ਪੱਧਰ ਉਚਾ ਹੋ ਰਿਹਾ ਏ, ਬਹੁਤ ਸਾਰੀਆਂ ਬਨਸਪਤੀਆਂ ਅਤੇ ਜੀਵ-ਜੰਤੂਆਂ ਦੀ ਹੋਂਦ ਨੂੰ ਖ਼ਤਰਾ ਵਧ ਗਿਆ ਹੈ।

**ਬਾਨੀ:** ਇਸ ਤਰ੍ਹਾਂ ਦੇ ਪ੍ਰਭਾਵ ਭਾਰਤ ਤੋਂ ਇਲਾਵਾ ਕਿਥੇ-ਕਿਥੇ ਵੇਖੇ ਗਏ ਨੇ?

**ਬਿਪਿਨ:** ਆਸਟ੍ਰੇਲੀਆ ਵਿਚ ਪੈ ਰਹੀ ਭਿਆਨਕ ਗਰਮੀ ਕਾਰਨ ਜਨਵਰੀ ਵਿੱਚ ਪੂਰੇ ਦੇਸ਼ ਦਾ ਔਸਤਨ ਤਾਪਮਾਨ ਸਾਰੇ ਰਿਕਾਰਡ ਤੋੜ ਕੇ 30 ਡਿਗਰੀ ਸੈਲਸੀਅਸ 'ਤੇ ਪਹੁੰਚ ਗਿਆ ਤੇ ਜਨਵਰੀ ਹੁਣ ਤਕ ਉਥੇ ਦਾ ਸਭ ਤੋਂ ਜ਼ਿਆਦਾ ਗਰਮ ਮਹੀਨਾ ਬਣ ਗਿਆ, 24 ਜਨਵਰੀ ਨੂੰ ਪੋਰਟ ਅਗਸਤਾ ਸ਼ਹਿਰ ਦਾ 49.5 ਡਿਗਰੀ 'ਤੇ ਪਹੁੰਚਿਆ ਦੇਸ ਦਾ ਸਭ ਤੋਂ ਜ਼ਿਆਦਾ ਤਾਪਮਾਨ ਸੀ।

**ਅਕਾਸ਼:** (ਹੈਰਾਨੀ ਨਾਲ) ਆਸਟ੍ਰੇਲੀਆ ਵਿਚ ਵੀ ਐਨੀ ਗਰਮੀ!!

**ਬਿਪਿਨ:** ਹਾਂ! ਇੱਕ ਠੰਢਾ ਮੁਲਕ ਬਣ ਰਿਹਾ ਹੈ ਤਪਦੀ ਭੱਠੀ !

**ਬਾਨੀ:** ਹੋਰ ਕਿਸ ਦੇਸ਼ ਵਿਚ ਅਜਿਹਾ ਪਰਿਵਰਤਨ ਹੋਇਆ ਏ?

**ਬਿਪਿਨ:** ਅਮਰੀਕਾ 'ਚ ਅਚਾਨਕ ਠੰਡ ਅਤੇ ਬਰਫੀਲੇ ਤੂਫ਼ਾਨਾਂ ਪਹਿਲਾਂ ਤੋਂ ਬਹੁਤ ਜ਼ਿਆਦਾ ਵਧ ਗਏ ! ਠੰਡ ਕਾਰਨ ਮਰਨ ਵਾਲਿਆਂ ਦੀ ਗਿਣਤੀ ਵਧ ਗਈ।ਠੰਡ ਨਾਲ ਚਮੜੀ ਤੇ ਪੱਠੇ ਨੁਕਸਾਨੇ ਜਾਂਦੇ ਹਨ, ਅੰਗ ਕੱਟਣ ਤਕ ਦੀ ਨੌਬਤ ਆ ਸਕਦੀ ਹੈ। ਠੰਡ ਕਾਰਨ 18 ਸਾਲਾ ਵਿਦਿਆਰਥੀ ਸਮੇਤ 21 ਲੋਕਾਂ ਦੀ ਮੌਤ ਹੋ ਗਈ 30 ਲੋਕ ਗੰਭੀਰ ਬਿਮਾਰ ਹਨ ! ਕਈ ਜਗ੍ਹਾ 'ਤੇ ਪੁਰਾਣੇ ਰਿਕਾਰਡ ਤੋੜ ਕੇ ਤਾਪਮਾਨ 0 ਤੋਂ 30-40 ਡਿਗਰੀ ਹੇਠਾਂ ਤਕ ਪਹੁੰਚ ਗਿਆ ਸੀ !

**ਅਕਾਸ਼:** ਜੇਕਰ ਮੌਸਮ ਦਾ ਮਿਜਾਜ਼ ਇਸੇ ਤਰ੍ਹਾਂ ਬਦਲਦਾ ਰਿਹਾ ਤਾਂ ਮਨੁੱਖ ਜੀਵਨ ਵਿਚ ਮੁਸ਼ਕਲਾਂ ਤਾਂ ਵਧਣਗੀਆਂ ਹੀ।

**ਬਾਨੀ:** ਜੈਵ-ਵਿਭਿੰਨਤਾ 'ਤੇ ਸਭ ਤੋਂ ਜ਼ਿਆਦਾ ਪ੍ਰਭਾਵ ਪਵੇਗਾ । ਜੰਤੂਆਂ ਤੇ ਬਨਸਪਤੀਆਂ ਦੀਆਂ ਬਹੁਤ ਸਾਰੀਆਂ ਪ੍ਰਜਾਤੀਆਂ ਅਲੋਪ ਹੋਣ ਦੀ ਕਗਾਰ 'ਤੇ ਹਨ।

**ਅਕਾਸ਼:** (ਹੈਰਾਨੀ ਨਾਲ) ਹੈਂ ! ਅਜਿਹਾ ਕਿਉਂ?

**ਬਿਪਿਨ:** ਕਿਸੇ ਵੀ ਪ੍ਰਜਾਤੀ ਨੂੰ ਆਪਣੇ ਆਲੇ ਦੁਆਲੇ ਅਨੁਸਾਰ ਅਨੁਕੂਲਣ ਭਾਵ ਆਪਣੇ ਆਪ ਨੂੰ ਢਾਲਣ ਲਈ ਸਮੇਂ ਦੀ ਜ਼ਰੂਰਤ ਹੁੰਦੀ ਹੈ। ਵਾਤਾਵਰਨ ਵਿਚ ਅਚਾਨਕ ਪਰਿਵਰਤਨ ਆਉਣ ਨਾਲ ਅਨੁਕੂਲਣ ਨਾ ਹੋ ਸਕਣ ਕਾਰਨ ਸਜੀਵਾਂ ਦੀ ਮੌਤ ਹੋ ਜਾਵੇਗੀ। ਜੈਵ-ਵਿਭਿੰਨਤਾ ਨੂੰ ਖੋਰਾ ਲਗੇਗਾ, ਪ੍ਰਸਥਿਤਿਕ ਅਸੰਤੁਲਨ ਦਾ ਖ਼ਤਰਾ ਵਧੇਗਾ।

**ਪਿਤਾ ਜੀ:** ਊਸ਼ਣ ਕਟੀਬੰਧ ਜੰਗਲਾਂ ਵਿਚ ਅੱਗ ਲੱਗਣ ਦੀਆਂ ਘਟਨਾਵਾਂ ਵਿਚ ਵਾਧੇ ਕਾਰਨ ਜੈਵ-ਵਿਭਿੰਨਤਾ ਦੀ ਹਾਨੀ ਹੋਵੇਗੀ।

**ਦਾਮਿਨੀ:** ਸਾਡੇ ਚਾਰੇ ਪਾਸੇ ਦੀ ਬਨਸਪਤੀ, ਪੇੜ-ਪੌਦੇ ਅਤੇ ਜੀਵ-ਜੰਤੂ ਸਾਡਾ ਜੈਵ-ਮੰਡਲ ਹਨ ਜਿਨ੍ਹਾਂ ਦੇ ਕਾਰਨ ਸਾਡੀ ਕੁਦਰਤ ਸੰਤੁਲਨ ਵਿਚ ਰਹਿੰਦੀ ਹੈ।ਜਲਵਾਯੂ-ਪਰਿਵਰਤਨ ਕਾਰਨ ਹੋਈ ਜੈਵ-ਵਿਭਿੰਨਤਾ ਦੀ ਹਾਨੀ ਮੌਸਮੀ ਚੱਕਰਾਂ 'ਤੇ ਪ੍ਰਭਾਵ ਪਾਉਂਦੀ ਹੈ।

**ਅਕਾਸ਼:** ਪਰ ਚਾਚਾ ਜੀ, ਇਸ ਸਮੱਸਿਆ ਨਾਲ ਨਿਪਟਣ ਦੇ ਉਪਾਅ ਕੀ ਨੇ?

**ਬਿਪਿਨ:** ਕਾਰਬਨ ਸੋਖਣ ਦੇ ਸ੍ਰੋਤਾਂ - ਜੰਗਲਾਂ ਅਤੇ ਦਲਦਲਾਂ ਨੂੰ ਬਚਾਉਣਾ ਕਾਰਬਨ ਪੈੜਾਂ ਘਟਾਉਣਾ, ਦੁਰਲੱਭ ਪ੍ਰਜਾਤੀਆਂ ਦਾ ਸੁਰੱਖਿਅਣ ਕਰਨਾ !

**ਬਾਨੀ:** ਚਾਚਾ ਜੀ ! ਭਾਰਤ ਵਿੱਚ ਜੈਵ ਵਿਭਿੰਨਤਾ ਬਾਬਤ ਕੁਝ ਚਾਨਣਾ ਪਾਓ !

**ਬਿਪਿਨ:** ਭਾਰਤ ਵੀ 60-70% ਜੈਵ-ਵਿਭਿੰਨਤਾ ਵਾਲੇ ਦੇਸਾਂ ਵਿੱਚ ਸ਼ਾਮਲ ਹੈ। ਇੱਥੇ ਖੇਤੀ ਯੋਗ ਫ਼ਸਲਾਂ ਦੀਆਂ ਅਨੇਕਾਂ ਪ੍ਰਜਾਤੀਆਂ ਅਤੇ ਕਿਸਮਾਂ ਮੌਜੂਦ ਹਨ।ਫ਼ਸਲੀ ਪੌਦਿਆਂ ਦੀਆਂ ਘੱਟੋ- ਘੱਟ 166 ਤੇ ਇਨ੍ਹਾਂ ਦੇ ਜੰਗਲੀ ਰਿਸ਼ਤੇਦਾਰਾਂ ਦੀਆਂ 320 ਪ੍ਰਜਾਤੀਆਂ ਇਥੇ ਹੀ ਜਨਮੀਆਂ।ਫੁੱਲ ਵਾਲੇ ਪੌਦਿਆਂ ਦੀਆਂ 6%, ਪੰਛੀਆਂ ਦੀਆਂ 14% ਅਤੇ ਸੰਸਾਰ ਦੇ ਪਹਿਚਾਣੇ ਗਏ ਪੌਦਿਆਂ ਦੀਆਂ 45000 ਤੋਂ ਜਿਆਦਾ ਪ੍ਰਜਾਤੀਆਂ ਭਾਰਤ ਵਿਚ ਮੌਜੂਦ ਹਨ।

**ਅਕਾਸ਼:** ਦਵਾਈ ਵਾਲੇ ਪੌਦਿਆਂ ਦੀਆਂ ਪ੍ਰਜਾਤੀਆਂ ਪ੍ਰਭਾਵਿਤ ਹੋਣ ਦਾ ਕੀ ਪ੍ਰਭਾਵ ਪਏਗਾ ?

**ਬਿਪਿਨ:** ਭਾਰਤ ਕਰੀਬ ਬਹੁਤੀਆਂ ਦਵਾਈਆਂ ਪੌਦਿਆਂ ਤੋਂ ਪ੍ਰਾਪਤ ਕਰਦਾ ਹੈ ! ਆਦਿਵਾਸੀ ਅਤੇ ਪਹਾੜੀ ਖੇਤਰਾਂ ਦੇ ਲਈ ਦਵਾ-ਪੌਦੇ ਅਨੇਕਾਂ ਲੋਕਾਂ ਲਈ ਆਮਦਨ ਅਤੇ ਨਿਰਵਾਹ ਦਾ ਮਹੱਤਵਪੂਰਨ ਸਾਧਨ ਹਨ। ਦਵਾਈਆਂ ਦੀ ਉਪਲਬਧਤਾ ਅਤੇ ਇਨ੍ਹਾਂ ਲੋਕਾਂ ਦੀ ਰੋਜੀ ਰੋਟੀ ਤੇ ਮਾੜਾ ਪ੍ਰਭਾਵ ਪਏਗਾ !

**ਮੋਬਾਇਲ ਫੋਨ ਦੀ ਘੰਟੀ ਵੱਜਣ ਦੀ ਅਵਾਜ਼।**

**ਅਕਾਸ਼:** ਚਾਚਾ ਜੀ, ਤੁਹਾਡਾ ਫੋਨ!

**ਬਿਪਿਨ:** ਹੈਲੋ, ਡਾ. ਪਾਂਡੇ, ਨਮਸਕਾਰ, ਹਾਂ ਵਧੀਆ ਏ ...... ਪਰ ਮੈਂ ਇਕੱਲਾ ਨਹੀਂ। ਕਰਨਾਟਕ ਤੋਂ ਮੇਰੇ ਭਾਈ ਸਾਹਬ ਪਰਿਵਾਰ ਸਮੇਤ ਦਿੱਲੀ ਘੁੰਮਣ ਆਏ ਨੇ।...... ਤਾਂ ਠੀਕ ਏ, ਅਸੀਂ ਅੱਜ 4 ਵਜੇ ਆਡੀਟੋਰੀਅਮ ਵਿਚ ਪਹੁੰਚ ਜਾਵਾਂਗੇ । ਅੱਛਾ .....ਪੱਕਾ।

**ਪਿਤਾ ਜੀ:** ਕਿਸ ਦਾ ਫੋਨ ਸੀ, ਬਿਪਿਨ?

**ਬਿਪਿਨ:** ਮੇਰੇ ਦੋਸਤ ਡਾ. ਪਾਂਡੇ, ਜਲਵਾਯੂ-ਪਰਿਵਰਤਨ ਦੇ ਸਿਹਤ ਉਪਰ ਪੈਣ ਵਾਲੇ ਪ੍ਰਭਾਵਾਂ 'ਤੇ ਖੋਜ ਕਰ ਰਹੇ ਹਨ, ਇੰਡੀਅਨ ਕਾਂਉਸਲ ਆਫ਼ ਮੈਡੀਕਲ ਰਿਸਰਚ ਵਿਚ ਨਿਰਦੇਸ਼ਕ ਨੇ ਦੱਸਿਆ ਏ ਕਿ ਅੱਜ ਯੂਨੀਸੈਫ ਦੁਆਰਾ ਅਕਾਸ਼ਵਾਣੀ ਅਤੇ ਸਮੁਦਾਇਕ ਰੇਡਿਓ ਦੇ ਨਾਲ **'ਰੇਡਿਓ ਸੇਵਿੰਗ ਲਾਈਵਜ਼"** ਯਾਨੀ **'ਰੇਡਿਓ ਬਚਾਏ ਜੀਵਨ'**, 'ਤੇ ਇਕ ਸੰਮੇਲਨ ਹੈ, ਜਿਸ ਵਿਚ ਆਲਮੀ ਤਪਸ਼ ਅਤੇ ਜਲਵਾਯੂ-ਪਰਿਵਰਤਨ 'ਤੇ ਵਿਸ਼ੇਸ਼ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਵੱਲੋਂ ਅੱਜ ਆਪਾਂ ਨੂੰ ਰਾਤ ਦੇ ਭੋਜਨ ਲਈ ਸੱਦਾ ਵੀ ਹੈ। ਬੱਚਿਓ ਅਪਣਾ-ਅਪਣਾ ਸਵਾਲ ਬਚਾ ਕੇ ਰੱਖਿਓ !

**ਅਕਾਸ਼+ਬਾਨੀ:** (ਖ਼ੁਸੀ ਨਾਲ) ਠੀਕ ਹੈ ਚਾਚਾ ਜੀ !

……**ਦ੍ਰਿਸ਼ ਬਦਲਾਅ ਸੰਗੀਤ**……

……**ਦ੍ਰਿਸ਼ ਪੰਜਵਾਂ** ……

(ਸਭਾਹਾਲ ਦੀ ਚਹਿਲ-ਪਹਿਲ ਅਤੇ ਰੌਲਾ ਰੱਪਾ)

**ਡਾ. ਪਾਂਡੇ:** ਬਿਪਿਨ ਜੀ, ਇਧਰ ਆ ਜਾਓ !

**ਬਿਪਿਨ:** ਆ ਰਹੇ ਹਾਂ !

**ਡਾ. ਪਾਂਡੇ :** ਤੁਹਾਡਾ ਸਭ ਦਾ ਸਵਾਗਤ ਐ !

**ਬਿਪਿਨ:** ਇਹ ਸਾਡੇ ਵੱਡੇ ਭਾਈ ਸਾਹਿਬ ਪ੍ਰੋ. ਦਿਲੀਪ ਬੱਤਰਾ - ਰਸਾਇਣ ਸ਼ਾਸਤਰ ਦੇ ਪ੍ਰੋਫੈਸਰ, ਸਾਡੇ ਭਾਬੀ ਜੀ ਦਾਮਿਨੀ, ਬਨਸਪਤੀ ਸ਼ਾਸਤਰ ਦੇ ਅਧਿਆਪਕ, ਅਤੇ ਇਹ ਬਾਨੀ ਤੇ ਅਕਾਸ਼।

**ਸਾਰੇ ਇਕੱਠੇ:** ਨਮਸਤੇ !

**ਐਲਾਨ:** ਜਲਵਾਯੂ ਪਰਿਵਰਤਨ ਦੇ ਪ੍ਰਭਾਵ ਤੇ ਰੋਕਥਾਮ ਬਾਬਤ ਕਾਰਜਸ਼ਾਲਾ ਵਿਚ ਤੁਹਾਡਾ ਸਭ ਦਾ ਸਵਾਗਤ ਹੈ। ਜਾਣਕਾਰੀ ਦੇਣ ਲਈ ਆਏ ਪਹਿਲੇ ਮਾਹਿਰ ਹਨ - ਵਿਗਿਆਨ ਅਤੇ ਤਕਨਾਲੌਜੀ ਵਿਭਾਗ, ਭਾਰਤ ਸਰਕਾਰ ਦੇ ਡਾ. ਅਖਿਲੇਸ਼ ਗੁਪਤਾ-

**==== ਡਾ. ਅਖਿਲੇਸ਼ ਗੁਪਤਾ ਦੇ ਬਾਈਟਸ ====**

ਜਲਵਾਯੂ ਬਦਲਾਅ ਕਾਰਨ ਜੈਵ ਵਿਭਿੰਨਤਾ ਦਾ ਬੇਹੱਦ ਨੁਕਸਾਨ ਹੋ ਰਿਹਾ ਹੈ! ਬਹੁਤੀਆਂ ਖੇਤੀ ਫਸਲਾਂ ਦੇ ਪੰਘੂੜੇ ਅਤੇ ਨਾ-ਨਾ ਪ੍ਰਕਾਰ ਦੇ ਦਵਾ ਪੌਦਿਆਂ ਦੇ ਭੰਡਾਰ, ਭਾਰਤ ਨੂੰ ਆਪਣੀ ਇਸ ਧਰੋਹਰ ਤੋਂ ਹੱਥ ਧੋਣੇ ਪੈ ਰਹੇ ਹਨ ! ਇਸਨੂੰ ਬਚਾਉਣਾ ਸਾਡੀ ਪ੍ਰਭੂਸਤਾ, ਰੁਜਗਾਰ, ਸਭਿਆਚਾਰ ਅਤੇ ਆਰਥਿਕਤਾ ਦੇ ਲਈ ਅਹਿਮ ਹੈ !

==== ਤਾੜੀਆਂ ਦਾ ਧੁਨੀ ਪ੍ਰਭਾਵ ====

**ਐਲਾਨ:** ਧੰਨਵਾਦ। ਦੂਸਰੇ ਮਾਹਿਰ ਹਨ - ਸੁਰਜੀਤ ਸਿੰਘ! ਜਲਵਾਯੂ-ਪਰਿਵਰਤਨ ਅਤੇ ਉਸ ਦੇ ਪ੍ਰਭਾਵਾਂ ਨਾਲ ਜੁੜੀ ਅੰਤਰਰਾਸ਼ਟਰੀ ਸੰਸਥਾ ਨਾਲ ਜੁੜੇ ਹੋਏ ਹਨ।

**==== ਸੁਰਜੀਤ ਸਿੰਘ ਦੇ ਬਾਈਟਸ ====**

ਜਲਵਾਯੂ ਬਦਲਾਅ ਕਾਰਨ ਸੰਸਾਰ ਦੀ ਵੱਡੀ ਗਿਣਤੀ ਨੂੰ ਭਿਆਨਕ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ।ਆਲਮੀ ਤਪਸ਼ ਜਿਸ ਨੂੰ ਅਮਰੀਕਾ ਦੇ ਰਾਸਟਰਪਤੀ ਡੋਨਾਲਡ ਟਰੰਪ ਨੇ ਅੰਕੜਿਆਂ ਦੀ ਖੇਡ ਕਿਹਾ ਸੀ , ਵਿਗਿਆਨਕ ਅਧਿਅਨਾਂ ਦੇ ਸਨਮੁੱਖ ਅੱਜ ਇੱਕ ਹਕੀਕਤ ਹੈ !

==== ਤਾੜੀਆਂ ਦਾ ਧੁਨੀ ਪ੍ਰਭਾਵ ====

**ਐਲਾਨ:** ਅਗਲੇ ਮਾਹਿਰ ਹਨ - ਭਾਰਤੀ ਵਿਗਿਆਨ ਸੰਚਾਰ ਅਤੇ ਸੂਚਨਾ ਸ੍ਰੋਤ ਸੰਸਥਾ ਦੇ ਮੁੱਖ ਵਿਗਿਆਨੀ ਡਾ. ਜੇ. ਸੁੰਦਰਸੇਨ ਪਿੱਲੇ

**== ਡਾ. ਜੇ. ਸੁੰਦਰਸੇਨ ਪਿੱਲੇ ਦੇ ਬਾਈਟਸ ==**

ਜਲਵਾਯੂ-ਬਦਲਾਅ ਅਤੇ ਆਲਮੀ ਤਪਸ਼ ਨੇ ਵਾਇਰਲ ਬਿਮਾਰੀਆਂ, ਨਵੇਂ ਰੋਗਾਂ ਨੂੰ ਜਨਮ ਦਿੱਤਾ ਹੈ ਅਤੇ ਪੁਰਾਣੀਆਂ ਬਿਮਾਰੀਆਂ ਸਿਰ ਚੁੱਕ ਰਹੀਆਂ ਹਨ ! ਇਨ੍ਹਾਂ ਤੋਂ ਬਚਾਉ ਵਾਸਤੇ ਆਲਮੀ ਤਪਸ਼ ਪੈਦਾ ਕਰਨ ਵਾਲੇ ਕਾਰਕਾਂ ਦੀ ਰੋਕ ਥਾਮ ਲਈ ਹਰ ਪੱਧਰ ‘ਤੇ ਯਤਨ ਜਰੂਰੀ ਹਨ !

==== ਤਾੜੀਆਂ ਦਾ ਧੁਨੀ ਪ੍ਰਭਾਵ ====

**ਐਲਾਨ:** ਹੁਣ ਮੈਂ ਸੱਦਾ ਦਿਆਂਗੀ ਯੂਨੀਸੈਫ ਤੋਂ ਉਰਵਸ਼ੀ ਜੀ ਨੂੰ

**====== ਉਰਵਸ਼ੀ ਦੇ ਬਾਈਟਸ ======**

ਆਲਮੀ ਤਪਸ਼ ਤੇ ਜਲਵਾਯੂ ਬਦਲਾਅ ਕਾਰਨ ਜੀਵਾਂ, ਬਨਸਪਤੀ ਤੇ ਮਨੁੱਖਾਂ ਵਿੱਚ, ਗੁਣ-ਸੂਤਰ ਬਦਲਾਅ ਵੀ ਆ ਰਹੇ ਹਨ ਜਿਸ ਕਰਕੇ ਜੰਮਾਂਦਰੂ ਅਪੰਗਤਾ, ਬਾਂਝਪਨ ਤੇ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਬੇਵਹਾ ਵਧ ਰਹੀਆਂ ਹਨ। ਇਸ ਬਦਲਾਅ ਕਾਰਨ ਹੋਏ ਪਾਣੀ ਪ੍ਰਦੂਸ਼ਨ ਕਾਰਨ ਪ੍ਰਦੂਸ਼ਿਤ ਪਾਣੀ ਤੋਂ ਹੋਣ ਵਾਲੀਆਂ ਬੀਮਾਰੀਆਂ ਵਧ ਰਹੀਆਂ ਹਨ !

==== ਤਾੜੀਆਂ ਦਾ ਧੁਨੀ ਪ੍ਰਭਾਵ ====

**ਐਲਾਨ:** ਬੁਲਾਰਿਆਂ ਅਤੇ ਸ੍ਰੋਤਿਆਂ ਦਾ.........ਬਹੁਤ ਬਹੁਤ ਧੰਨਵਾਦ। ਬਾਹਰ ਚਾਹ ਆਪਣਾ ਸਭ ਦਾ ਇੰਤਜ਼ਾਰ ਕਰ ਰਹੀ ਹੈ।

==== ਧੁਨੀ ਪ੍ਰਭਾਵ, ਆਦਿ ====

**ਬਿਪਿਨ:** ਡਾ.ਪਾਂਡੇ, ਬੱਚੇ ਤੁਹਾਡੇ ਨਾਲ ਚਰਚਾ ਕਰਕੇ ਜਲਵਾਯੂ-ਪਰਿਵਰਤਨ ਦੇ ਮਾੜੇ ਪ੍ਰਭਾਵਾਂ ਬਾਬਤ ਬਹੁਤ ਕੁਝ ਜਾਣਨਾ ਚਾਹੁੰਦੇ ਨੇ।

**ਡਾ. ਪਾਂਡੇ:** ਇਹ ਤਾਂ ਖ਼ੁਸ਼ੀ ਦੀ ਗੱਲ ਐ।

**ਅਕਾਸ਼:** ਮਨੁੱਖੀ ਸਰੀਰ 'ਤੇ ਜਲਵਾਯੂ ਬਦਲਾਅ ਦੇ ਕੀ ਨੇ ਪ੍ਰਭਾਵ ?

**ਬਾਨੀ:** ਮਨੁੱਖੀ ਸਰੀਰ ਵਾਤਾਵਰਨ ਅਨੁਸਾਰ ਅਪਣੇ ਆਪ ਨੂੰ ਢਾਲ ਵੀ ਤਾਂ ਲੈਂਦਾ ਐ !

**ਡਾ. ਪਾਂਡੇ:** ਮਨੁੱਖੀ ਸਰੀਰ ਦੀ ਅਨੁਕੂਲਨ ਸੀਮਾ ਤੋਂ ਬਾਅਦ, ਵਾਤਾਵਰਨ ਅਤੇ ਜਲਵਾਯੂ ਦੇ ਪਰਿਵਰਤਨ ਮਨੁੱਖੀ ਸਰੀਰ 'ਤੇ ਆਪਣੇ ਨਿਸ਼ਚਿਤ ਪ੍ਰਭਾਵ ਪਾਉਣ ਲੱਗਦੇ ਹਨ।ਗਰਮ ਵਾਤਾਵਰਨ ਜ਼ਿਆਦਾ ਸਰਦ ਵਾਤਾਵਰਨ ਦੇ ਮੁਕਾਬਲੇ ਸਿਹਤ 'ਤੇ ਜਿਆਦਾ ਮਾੜੇ ਪ੍ਰਭਾਵ ਪਾਉਂਦਾ ਹੈ।

**ਬਾਨੀ:** ਕਿਹੜੀਆਂ ਬਿਮਾਰੀਆਂ ਵਧ ਜਾਂਦੀਆਂ ਨੇ ਜਲਵਾਯੂ-ਪਰਿਵਰਤਨ ਦੇ ਕਾਰਨ!

**ਡਾ. ਪਾਂਡੇ:** ਟੱਟੀਆਂ-ਉਲਟੀਆਂ, ਹੈਜ਼ਾ ਅਤੇ ਮਿਆਦੀ ਬੁਖ਼ਾਰ ਵਰਗੀਆਂ ਲਾਗ ਦੀਆਂ, ਸਾਹ ਅਤੇ ਦਿਲ ਦੀਆਂ, ਮਲੇਰੀਆ, ਫਾਇਲੇਰੀਆ, ਡੇਂਗੂ ਬੁਖਾਰ, ਚਿਕਨਗੁਨੀਆ, ਯੈਲੋ ਫੀਵਰ ਅਤੇ ਜਾਪਾਨੀ ਦਿਮਾਗ਼ੀ ਬੁਖ਼ਾਰ ਵਰਗੀਆਂ ਬਿਮਾਰੀਆਂ ਵਿੱਚ ਵਾਧਾ ਅਤੇ ਇਨ੍ਹਾਂ ਕਾਰਨ ਮੌਤ ਦਰ ਵਿਚ ਵਾਧਾ ਹੋਵੇਗਾ।

**ਅਕਾਸ਼:** ਅਲੱਗ-ਅਲੱਗ ਉਮਰ ਗੁੱਟ ਦੇ ਲੋਕਾਂ 'ਤੇ ਕੀ ਪ੍ਰਭਾਵ ਪਏਗਾ?

**ਡਾ. ਪਾਂਡੇ:** ਗਰਮ ਵਾਤਾਵਰਨ ਬਜ਼ੁਰਗਾਂ ਲਈ ਜ਼ਿਆਦਾ ਨੁਕਸਾਨਦਾਇਕ ਹੈ।ਹੀਟ ਸਟ੍ਰੋਕ ਨਾਲ ਮਰਨ ਵਾਲਿਆਂ ਵਿਚ ਬਜ਼ੁਰਗਾਂ ਤੇ ਬੱਚਿਆਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੁੰਦੀ ਹੈ। ਗਰਮ ਤੇ ਤਰ ਜਲਵਾਯੂ ਵਿਚ ਮਲੇਰੀਆ, ਡੇਂਗੂ, ਯੈਲੋ ਫੀਵਰ, ਇਨਸੈਫੇਲਾਇਟਿਸ (ਦਿਮਾਗ਼ੀ ਬੁਖਾਰ), ਸਾਹ ਦੇ ਰੋਗ ਆਦਿ ਤੇਜ਼ੀ ਨਾਲ ਫੈਲਦੇ ਹਨ।

**ਬਾਨੀ:** ਫਿਰ ਤਾਂ ਰੋਗਾਂ ਤੋਂ ਪ੍ਰਭਾਵਿਤ ਖੇਤਰਾਂ ਵਿਚ ਵੀ ਵਾਧਾ ਹੋਵੇਗਾ?

**ਡਾ. ਪਾਂਡੇ:** ਵਾਯੂਮੰਡਲ ਦਾ ਤਾਪਮਾਨ ਵਧਣ ਨਾਲ ਕਈ ਬਿਮਾਰੀਆਂ, ਨਵੇਂ ਖੇਤਰਾਂ ਵਿਚ ਫੈਲ ਸਕਦੀਆਂ ਹਨ ਜਿਵੇਂ ਡੇਂਗੂ ਬੁਖ਼ਾਰ ਫੈਲਾਉਣ ਵਾਲੇ ਮੱਛਰ ਸਮੁੰਦਰ ਤਲ ਤੋਂ 3,300 ਫੁੱਟ ਤੱਕ ਹੀ ਹੁੰਦੇ ਸਨ ਪਰ ਹੁਣ ਗਲੋਬਲ ਵਾਰਮਿੰਗ ਕਾਰਨ ਇਹ ਕੋਲੰਬੀਆ ਵਿਚ 7,200 ਫੁੱਟ ਉਚਾਈ ਤੱਕ ਵੀ ਪਾਏ ਜਾਣ ਲੱਗੇ ਹਨ। ਕੀਟ-ਪਤੰਗਿਆਂ, ਮੱਛਰ-ਮੱਖੀਆਂ, ਚੂਹਿਆਂ ਦੁਆਰਾ ਫੈਲਣ ਵਾਲੇ ਰੋਗ ਪਹਿਲਾਂ ਯੂਰਪ ਜਾਂ ਅਮਰੀਕਾ ਮਹਾਂਦੀਪ ਵਿਚ ਬਹੁਤ ਘੱਟ ਹੁੰਦੇ ਸਨ ਹੁਣ ਉਥੇ ਵੀ ਇਨ੍ਹਾਂ ਦਾ ਨਿਰੰਤਰ ਵਾਧਾ ਹੋ ਰਿਹਾ ਹੈ। ਮਲੇਰੀਆ ਹਿਮਾਚਲ ਪ੍ਰਦੇਸ਼, ਨਾਗਾਲੈਂਡ, ਇੰਡੋਨੇਸ਼ੀਆ ਦੇ ਪਰਬਤੀ ਖੇਤਰਾਂ ਵਿੱਚ ਅਸੰਭਵ ਮੰਨਿਆ ਜਾਂਦਾ ਸੀ ਪਰ ਅਨੁਮਾਨ ਹੈ

ਕਿ 2070 ਤਕ ਸੰਸਾਰ ਦੇ 60% ਭਾਗਾਂ ਵਿਚ ਮਲੇਰੀਏ ਲਈ ਅਨੁਕੂਲ ਸਥਿਤੀਆਂ ਬਣ ਜਾਣਗੀਆਂ।

**ਦਾਮਿਨੀ:** ਇਕ ਸਵਾਲ ਮੇਰੇ ਵੀ ਮਨ ਵਿਚ ਆ ਰਿਹਾ ਐ।

**ਬਿਪਿਨ:** ਹਾਂ ਹਾਂ ਕਿਉਂ ਨਹੀਂ ! ਪੁੱਛੋ !

**ਦਾਮਿਨੀ:** ਜਿਵੇਂ ਖ਼ਾਸ ਰੋਗਾਂ ਦਾ ਖੇਤਰ ਵਧ ਰਿਹਾ ਐ ਤਾਂ ਕੀ ਨਵੇਂ ਰੋਗਾਂ ਦੀ ਉਤਪਤੀ ਵੀ ਹੋ ਸਕਦੀ ਐ?

**ਡਾ. ਪਾਂਡੇ:** ਹਾਂ ! ਬਿਲਕੁਲ ਨਵੇਂ ਪ੍ਰਕਾਰ ਦੀਆਂ ਬਿਮਾਰੀਆਂ ਜਿਨ੍ਹਾਂ ਦੇ ਬਾਰੇ ਨਾ ਤਾਂ ਸਾਡੇ ਕੋਲ ਜਾਣਕਾਰੀ ਤੇ ਨਾ ਹੀ ਉਨ੍ਹਾਂ ਨਾਲ ਨਿਪਟਣ ਲਈ ਦਵਾਈਆਂ ਹੋਣਗੀਆਂ ਉੱਭਰ ਸਕਦੀਆਂ ਹਨ ! ਕਿਸੇ ਇਕ ਕੋਨੇ ਤਕ ਸੀਮਿਤ ਰਹਿ ਸਕਦੀਆਂ ਨੇ ਜਾਂ ਮਹਾਂਮਾਰੀ ਬਣਕੇ ਪੂਰੇ ਵਿਸ਼ਵ ਨੂੰ ਲਪੇਟ ਸਕਦੀਆਂ ਨੇ ! ਭਾਰਤ ਦੇ ਕਰਨਾਟਕ ਵਿੱਚ ਇਕ ਵਾਇਰਸ ਰੋਗ ਕੈਸਨੂਰ ਫਾਰੈਸਟ ਡਿਸੀਜ਼ ਇਸਦੀ ਮਿਸਾਲ ਹੈ ।

**ਦਾਮਿਨੀ:** ਫਿਰ ਤਾਂ ਸਮੱਸਿਆ ਕਾਫੀ ਗੰਭੀਰ ਹੋ ਜਾਏਗੀ !

**ਡਾ. ਪਾਂਡੇ:** ਹਾਂ ਜੀ! ਸਾਹ ਸਬੰਧੀ ਰੋਗ ਵਧ ਰਹੇ ਹਨ।ਹਵਾ ਵਿਚ ਕਾਰਬਨ ਡਾਈਅਕਸਾਈਡ ਦੇ ਵਧਣ ਨਾਲ ਸੀਸੇ ਦੀ ਧੂੜ, ਸਲਫਰ ਅਤੇ ਧੂੜ੍ਹ ਦੇ ਕਣ ਵਧਣ ਕਰਕੇ ਦਮੇ ਦੇ ਰੋਗੀ ਵਧ ਰਹੇ ਹਨ ! ਸਿੱਕੇ ਦੇ ਕਣ ਤਾਂ ਬੱਚਿਆਂ ਦੇ ਵਿਕਸਿਤ ਹੁੰਦੇ ਦਿਮਾਗ਼ 'ਤੇ ਬੁਰਾ ਅਸਰ ਪਾਕੇ ਮਾਨਸਿਕ ਵਿਕਲਾਂਗਤਾ ਵੀ ਕਰ ਸਕਦੇ ਹਨ !

**ਬਿਪਿਨ:** ਸਾਡੇ ਸਿਰ ਤੇ ਭੋਂ ਖੋਰ ਅਤੇ ਮਾਰੂਥਲੀਕਰਨ ਦਾ ਖਤਰਾ ਮੰਡਰਾ ਰਿਹਾ ਹੈ ਜਿਸ ਕਰਕੇ ਅੰਨ ਦੀ ਕਮੀ ਅਤੇ ਪੇਟ ਭਰਨ ਦੀ ਸਮੱਸਿਆ ਕਾਰਨ ਕੋਪੁਸ਼ਣ ਅਤੇ ਭੁੱਖਮਰੀ ਵਿਸ਼ਵ ਵਿਆਪੀ ਗੰਭੀਰ ਸਮੱਸਿਆ ਬਣ ਕੇ ਉਭਰੇਗੀ । ਗਰੀਬ, ਪਛੜੇ ਅਤੇ ਵਿਕਾਸਸ਼ੀਲ ਦੇਸ਼ ਸੱਭ ਤੋਂ ਵੱਧ ਪ੍ਰਭਾਵਿਤ ਹੋਣਗੇ ।

**ਬਾਨੀ:** ਅਸੀਂ ਤਾਂ ਅਜੇ ਓਜ਼ੋਨ ਪਰਤ ਬਾਬਤ ਹੀ ਪੜ੍ਹ ਰਹੇ ਹਾਂ ਪਰ ਜਿਹੜੇ ਪ੍ਰਭਾਵ ਤੁਸੀਂ ਦੱਸ ਰਹੇ ਹੋ ਉਹ ਤਾਂ ਕਾਫੀ ਚਿੰਤਾਜਨਕ ਨੇ !

**ਡਾ. ਪਾਂਡੇ:** ਓਜ਼ੋਨ ਪਰਤ ਦੇ ਪਤਲੇ ਹੋਣ ਨਾਲ ਧਰਤੀ ਤਕ ਪਹੁੰਚਦੀਆਂ ਪਰਾਬੈਂਗਣੀ ਵਿਕਿਰਨਾਂ ਦੀ ਮਾਤਰਾ ਵਧਣ ਨਾਲ ਕਈ ਤਰ੍ਹਾਂ ਦੀਆਂ ਚਮੜੀ ਦੀਆਂ ਬਿਮਾਰੀਆਂ ਅਤੇ ਚਮੜੀ ਦੇ ਕੈਂਸਰ ਵਿਚ ਵਾਧਾ ਹੋ ਰਿਹਾ ਹੈ। ਹੀਟ ਸਟ੍ਰੋਕ ਨਾਲ ਮੌਤਾਂ ਅਤੇ ਸਰੀਰਿਕ ਪਰੇਸ਼ਾਨੀਆਂ ਵਧ ਸਕਦੀਆਂ ਹਨ। ਧਰਤੀ ਦੀ ਸਤ੍ਹਾ 'ਤੇ ਓਜ਼ੋਨ ਇਕ ਪ੍ਰਦੂਸ਼ਕ ਹੈ।ਇਹ ਸਾਹ-ਪ੍ਰਣਾਲੀ ਦੀਆਂ ਕੋਸ਼ਿਕਾਵਾਂ ਨੂੰ ਗੰਭੀਰ ਨੁਕਸਾਨ ਪਹੁੰਚਾਕੇ ਫੇਫੜਿਆਂ ਦੇ ਅੰਦਰ ਗੈਸਾਂ ਦੇ ਅਦਾਨ-ਪ੍ਰਦਾਨ ਵਿਚ ਗੰਭੀਰ ਰੁਕਾਵਟ ਪੈਦਾ ਕਰਕੇ ਸਰੀਰ ਦੀ ਰੋਗ-ਪ੍ਰਤੀਰੋਧਕ ਸਮਰਥਾ ਵਿਚ ਵੀ ਭਾਰੀ ਕਮੀ ਲਿਆਉਂਦੀ ਹੈ।

**ਅਕਾਸ਼:** ਕੀ ਇਹ ਸਭ ਵਿਗਿਆਨਕ ਖੋਜਾਂ ਤੋਂ ਪਤਾ ਲੱਗਿਆ ਹੈ?

**ਡਾ. ਪਾਂਡੇ:** ਹਾਂ ! ਬਿਲਕੁਲ ! ਕਿੱਤਾਮੁਖੀ ਤੇ ਪਰਿਵਾਰਣੀ ਬਿਮਾਰੀਆਂ ਦੇ ਜਰਨਲ (ਜਰਨਲ ਆਫ

ਆਕੂਪੇਸ਼ਨਲ ਐਂਡ ਇਨਵਾਇਰਨਮੈਂਟਲ ਮੈਡੀਸਿਨ) ਵਿਚ ਪ੍ਰਕਾਸ਼ਿਤ ਇਕ ਖੋਜ ਪੱਤਰ ਅਨੁਸਾਰ ਵਿਗਿਆਨੀਆਂ ਨੇ ਪਾਇਆ ਕਿ ਮਨੁੱਖ ਦੀਆਂ ਰੋਗ-ਪ੍ਰਤੀਰੋਧੀ ਕੋਸ਼ਿਕਾਵਾਂ, ਰਕਤ ਕੋਸ਼ਿਕਾਵਾਂ ਅਤੇ ਫੇਫੜਿਆਂ ਦੀਆਂ ਕੋਸ਼ਿਕਾਵਾਂ, ਨੂੰ ਲੰਬੇ ਸਮੇਂ ਤੱਕ ਅਤਿ-ਸੂਖਮ ਕਾਰਬਨ ਕਣਾਂ ਦੇ ਸੰਪਰਕ ਵਿਚ ਰੱਖਣ ਨਾਲ ਖ਼ੂਨ ਗਾੜ੍ਹਾ ਹੋਣ ਲਗਦਾ ਹੈ ਅਤੇ ਰੋਗ-ਪ੍ਰਤੀਰੋਧੀ ਕੋਸ਼ਿਕਾਵਾਂ ਮਰਨ ਲਗਦੀਆਂ ਹਨ।

**ਬਾਨੀ:** ਪੀਣ ਵਾਲੇ ਸਾਫ਼ ਪਾਣੀ ਦੀ ਘਾਟ ਨਾਲ ਵੀ ਤਾਂ ਬਿਮਾਰੀਆਂ ਵਿਚ ਵਾਧਾ ਹੋਵੇਗਾ !

**ਬਿਪਿਨ:** ਸਮੁੰਦਰ ਦਾ ਪੱਧਰ ਵਧਣ ਨਾਲ ਤੱਟੀ ਪ੍ਰਦੇਸ਼ਾਂ ਵਿਚ ਸਮੁੰਦਰ ਦਾ ਖਾਰਾ ਪਾਣੀ ਭਰ ਜਾਣ ਨਾਲ ਪੀਣ ਵਾਲੇ ਪਾਣੀ ਦੀ ਆਪੂਰਤੀ ਬੁਰੀ ਤਰ੍ਹਾਂ ਨਾਲ ਪ੍ਰਭਾਵਿਤ ਹੋਵੇਗੀ ! ਵਿਸਥਾਪਤ ਲੋਕਾਂ ਦੇ ਆਉਣ ਨਾਲ ਪਹਿਲਾਂ ਤੋਂ ਚਲੀ ਆ ਰਹੀ ਪੀਣ ਦੇ ਪਾਣੀ ਦੀ ਸਮੱਸਿਆ ਹੋਰ ਗੰਭੀਰ ਹੋ ਜਾਵੇਗੀ। ਦੂਸ਼ਿਤ ਪਾਣੀ ਦੁਆਰਾ ਫੈਲਣ ਵਾਲੀਆਂ ਬਿਮਾਰੀਆਂ ਜਿਵੇਂ ਦਸਤ, ਹੈਜ਼ਾ, ਮਿਆਦੀ ਬੁਖਾਰ, ਦਿਮਾਗੀ ਬੁਖਾਰ ਆਦਿ ਵਿਚ ਵਾਧਾ ਹੋਵੇਗਾ, ਇਹ ਮਹਾਂਮਾਰੀਆਂ ਬਣ ਸਕਦੀਆਂ ਹਨ !

**ਡਾ. ਪਾਂਡੇ:** ਵਿਸਥਾਪਿਤ ਹੋਣ ਵਾਲੀ ਜਨ ਸੰਖਿਆ ਜਿਥੇ ਇਕ ਪਾਸੇ ਅਕਾਲ, ਭੁੱਖਮਰੀ, ਸਮਾਜਿਕ ਸਮੱਸਿਆਵਾਂ, ਮਾਨਸਿਕ ਸੰਤਾਪ ਅਤੇ ਮਾਨਸਿਕ ਰੋਗਾਂ ਦੀ ਚਪੇਟ ਵਿਚ ਆ ਰਹੀ ਹੋਵੇਗੀ, ਉਥੇ ਪੁਨਰਵਾਸ ਵਾਲੇ ਸਥਾਨਾਂ 'ਤੇ ਪੁਰਾਣੀ ਅਬਾਦੀ ਦੇ ਸੀਮਿਤ ਸੰਸਾਧਨਾਂ 'ਤੇ ਪਏ ਬੋਝ ਕਾਰਨ ਵੀ ਸਮੱਸਿਆਵਾਂ ਪੈਦਾ ਹੋਵੇਗੀ।

**ਅਕਾਸ਼:** ਡਾ. ਅੰਕਲ, ਕੀ ਇਹ ਬਿਮਾਰੀਆਂ ਸਰਦੀ ਅਤੇ ਗਰਮੀ ਹਰ ਤਰ੍ਹਾਂ ਦੇ ਮੌਸਮ ਵਿਚ ਵਧਣਗੀਆਂ ਜਾਂ ਮੌਸਮ ਕਾਰਨ ਕੁਝ ਹੋਰ ਪ੍ਰਭਾਵ ਪਏਗਾ?

**ਡਾ. ਪਾਂਡੇ:** ਆਮ ਤੌਰ 'ਤੇ ਬੇਘਰੇ, ਬੇਸਹਾਰਾ ਲੋਕਾਂ ਦੀਆਂ, ਜਿਨ੍ਹਾਂ ਨੂੰ ਸਰਦੀਆਂ ਵਿਚ ਰਾਤ ਨੀਲੇ ਆਸਮਾਨ ਹੇਠਾਂ ਬਿਤਾਉਣੀ ਪੈਂਦੀ ਹੈ ਸਰੀਰਿਕ ਕਿਰਿਆਵਾਂ ਮੰਦ ਪੈਣ ਲਗਦੀਆਂ ਹਨ ਅਤੇ ਢੁਕਵਾਂ ਇਲਾਜ ਨਾ ਮਿਲਣ 'ਤੇ ਰੋਗੀ ਦੀ ਮੌਤ ਵੀ ਹੋ ਜਾਂਦੀ ਹੈ। ਬਜ਼ੁਰਗਾਂ, ਨਵਜਾਤ ਸ਼ਿਸ਼ੂਆਂ, ਕੁਪੋਸ਼ਿਤ ਬੱਚਿਆਂ ਅਤੇ ਨਸ਼ੇੜੀਆਂ ਵਿਚ ਠੰਡੇ ਮੌਸਮ ਦਾ ਸਿਹਤ ਤੇ ਮਾੜਾ ਪ੍ਰਭਾਵ, ਵੇਖਣ ਨੂੰ ਜਿਆਦਾ ਮਿਲਦਾ ਹੈ। ਸਾਹ ਦੇ ਰੋਗ ਜਿਵੇਂ ਟਾਂਸਲਾਇਟਸ, ਨਮੋਨੀਆ, ਬ੍ਰਾਂਕਿਓਲਾਇਟਿਸ ਆਦਿ ਸਰਦੀ ਵਧਣ 'ਤੇ ਵਧਣ ਲਗਦੇ ਹਨ।

**ਬਾਨੀ:** ਕਈ ਵਾਰ ਸੁਣਦੇ ਹਾਂ ਕਿ ਮੌਸਮ ਕਰਕੇ ਡੇਂਗੂ, ਚਿਕਨਗੁਨੀਆ, ਬਰਡ ਫਲੂ ਆਦਿ ਰੋਗ ਵਧ ਜਾਂਦੇ ਹਨ , ਤਾਪਮਾਨ ਨਾਲ ਇਨ੍ਹਾਂ ਦਾ ਕੀ ਸੰਬੰਧ ਹੈ?

**ਡਾ. ਪਾਂਡੇ:** ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਹੈ ਕਿ ਪੰਛੀਆਂ ਦੇ ਫਲੂ ਦੇ ਪ੍ਰਸਾਰ ਵਿਚ ਵੀ ਵਿਸ਼ਵ ਤਾਪਮਾਨ ਦਾ ਬਹੁਤ ਵੱਡਾ ਯੋਗਦਾਨ ਹੈ।ਦਲਦਲਾਂ ਦੇ ਤੇਜ਼ੀ ਨਾਲ ਖਾਤਮੇ ਕਾਰਨ ਫਲੂ ਨਾਲ ਗ੍ਰਸਤ ਪ੍ਰਵਾਸੀ ਪੰਛੀ ਵੀ ਪਾਲਤੂ ਪੰਛੀਆਂ ਦੇ ਫਾਰਮਾਂ 'ਤੇ ਉਤਰ ਜਾਂਦੇ ਹਨ, ਇਸ ਤਰ੍ਹਾਂ ਇਹ ਪਾਲਤੂ ਪੰਛੀਆਂ ਵਿਚ ਬਰਡ ਫਲੂ ਦਾ ਸੰਕਰਣ ਫੈਲਾ ਦਿੰਦੇ ਹਨ।

**ਅਕਾਸ਼:** ਅੰਕਲ ! ਕੀ ਡੈਂਗੂ ਨਾਲ ਵੀ ਵੱਧਦੇ ਤਾਪਮਾਨ ਦਾ ਸੰਬੰਧ ਹੈ ਕੋਈ ?

**ਡਾ. ਪਾਂਡੇ:** ਡੇਂਗੂ ਦਾ ਖ਼ਤਰਨਾਕ ਰੂਪ ਹੈ 'ਡੇਂਗੂ ਹੈਮੇਰੇਜਿਕ ਬੁਖਾਰ', ਜਿਹੜਾ ਰੋਗੀ ਦੀ ਜਾਨ ਵੀ ਲੈ ਲੈਂਦਾ ਹੈ ।ਡੇਂਗੂ ਬੁਖਾਰ ਬਹੁਤ ਸਮੇਂ ਤਕ ਗਰਮ ਅਤੇ ਨਮ ਜਲਵਾਯੂ ਵਾਲੇ ਦੇਸ਼ਾਂ ਦੀ ਹੀ ਬਿਮਾਰੀ ਮੰਨੀ ਜਾਂਦੀ ਸੀ। ਪਰ ਵਿਸ਼ਵ ਤਾਪਨ ਦੇ ਨਤੀਜੇ ਵਜੋਂ ਹੁਣ ਠੰਡੇ ਦੇਸ਼ਾਂ ਵਿਚ ਵੀ ਇਸ ਦਾ ਪ੍ਰਸਾਰ ਹੁੰਦਾ ਜਾ ਰਿਹਾ ਹੈ। ਭਾਰਤ ਵਿੱਚ ਸੰਨ 1996 ਵਿਚ ਡੇਂਗੂ ਬੁਖਾਰ ਦਾ ਦਿੱਲੀ ਵਿਚ ਭਿਆਨਕ ਪ੍ਰਕੋਪ ਹੋਇਆ।ਸੰਨ 2006 ਵਿਚ ਦਿੱਲੀ ਵਿਚ ਹੀ ਇਕ ਵਾਰ ਫਿਰ ਭਾਰੀ ਸੰਖਿਆ ਵਿਚ ਲੋਕ ਇਸ ਦੇ ਸ਼ਿਕਾਰ ਹੋ ਕੇ ਮੌਤ ਦੇ ਮੂੰਹ 'ਚ ਜਾ ਪਏ। ਇਥੋਂ ਇਹ ਸੰਕਰਣ ਆਸ-ਪਾਸ ਦੇ ਪ੍ਰਦੇਸ਼ਾਂ, ਜਿਵੇਂ- ਪੰਜਾਬ, ਉਤਰ-ਪ੍ਰਦੇਸ਼ ਆਦਿ ਵਿਚ ਵੀ ਤੇਜ਼ੀ ਨਾਲ ਫੈਲ ਚੁਕਿਆ ਹੈ।ਦਿੱਲੀ ਤੋਂ ਬਾਅਦ ਉਤਰ ਪ੍ਰਦੇਸ਼ ਡੇਂਗੂ ਨਾਲ ਸਭ ਤੋਂ ਵੱਧ ਪ੍ਰਭਾਵਿਤ ਪ੍ਰਦੇਸ ਹੈ।

**ਬਾਨੀ:** ਅੰਕਲ ! ਕੀ ਚਿਕਨਗੁਨੀਆ 'ਤੇ ਵੀ ਇਹੀ ਸੂਤਰ ਲਾਗੂ ਹੁੰਦਾ ਹੈ ?

**ਡਾ. ਪਾਂਡੇ:** ਹਾਂ ! ਚਿਕਨਗੁਨੀਆਂ ਧਰਤੀ ਦੇ ਗਰਮਾਉਣ ਦੇ ਚਲਦੇ, ਮੱਛਰਾਂ ਦੁਆਰਾ ਫੈਲਾਇਆ ਜਾਣ ਵਾਲਾ, ਜੋੜਾਂ ਵਿਚ ਭਿਆਨਕ ਦਰਦ ਕਰਨ ਵਾਲਾ ਬੁਖਾਰ ਹੈ ! ਸਰਕਾਰੀ ਰਿਪੋਰਟਾਂ ਅਨੁਸਾਰ 8 ਤੋਂ ਜ਼ਿਆਦਾ ਪ੍ਰਦੇਸ਼ਾਂ ਦੇ ਕਰੀਬ 151 ਜ਼ਿਲ੍ਹਿਆਂ ਵਿਚ ਆਪਣੀਆਂ ਜੜ੍ਹਾਂ ਜਮਾ ਚੁਕਿਆ ਹੈ। ਇਨ੍ਹਾਂ ਵਿਚ ਆਂਧਰਾ ਪ੍ਰਦੇਸ਼, ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ, ਤਮਿਲਨਾਡੂ, ਕਰਨਾਟਕ, ਮਹਾਂਰਾਸ਼ਟਰ, ਗੁਜਰਾਤ, ਮੱਧ ਪ੍ਰਦੇਸ਼ ਅਤੇ ਦਿੱਲੀ ਤਾਂ ਬੁਰੀ ਤਰ੍ਹਾਂ ਪ੍ਰਭਾਵਿਤ ਹਨ।ਗਰਮ ਹੁੰਦੇ ਵਾਤਾਵਰਨ ਵਿਚ ਇਨ੍ਹਾਂ ਰੋਗਾਣੂਆਂ ਨੂੰ ਫੈਲਣ ਅਤੇ ਪਲਣ ਵਿਚ ਸਹਾਇਤਾ ਮਿਲਦੀ ਹੈ।

**ਅਕਾਸ਼:** ਇਸੇ ਤਰ੍ਹਾਂ ਮਲੇਰੀਆ ਦੀ ਤਰ੍ਹਾਂ ਫਾਇਲੇਰੀਆ ਦੇ ਰੋਗੀ ਪਿਛਲੇ ਤਿੰਨ ਦਹਾਕਿਆਂ ਵਿਚ ਤੇਜ਼ੀ ਨਾਲ ਵਧ ਰਹੇ ਹਨ। ਟਾਇਫਾਈਡ ਬੁਖਾਰ ਦੇ ਬੈਕਟੀਰੀਆ ਵਰਗੇ ਪੈਰਾਟਾਇਫਾਈ ਬੈਕਟੀਰੀਆ ਨਾਲ ਪੈਦਾ ਪੈਰਾਟਾਈਫਾਈਡ ਬੁਖਾਰ ਵੀ ਹੁਣ ਭਾਰਤ ਵਿਚ ਹੌਲੀ-ਹੌਲੀ ਵਧਦਾ ਜਾ ਰਿਹਾ ਹੈ ! ਮੱਖੀਆਂ , ਮੱਛਰਾਂ ਰਾਹੀਂ ਫੈਲਣ ਵਾਲੀਆਂ ਬਿਮਾਰੀਆਂ ਦੇ ਵਧਣ ਦੇ ਕਾਰਨ ਹਨ ਕਿ ਧਰਤੀ ਦੇ ਗਰਮਾਉਣ ਦੇ ਚਲਦੇ ਬਿਮਾਰੀਆਂ ਫੈਲਾਉਣ ਵਾਲੇ ਕੀਟ ਪਤੰਗਾਂ ਦੇ ਲਈ ਜਲਵਾਯੂ ਦਾ ਜ਼ਿਆਦਾ ਅਨੁਕੂਲ ਹੁੰਦੇ ਜਾਣਾ।ਅਸੀਂ ਵੇਖਦੇ ਹਾਂ ਕਿ ਸੌਣ ਭਾਦੋਂ ਦੇ ਮਹੀਨੇ ਗਰਮ ਤੇ ਤਰ ਜਲਵਾਯੂ ਵਿੱਚ ਹਰ ਤਰ੍ਹਾਂ ਦੇ ਕੀਟ ਪਤੰਗੇ ਬਹੁਤ ਵੱਡੀ ਗਿਣਤੀ ਵਿੱਚ ਟਪਕ ਪੈਂਦੇ ਹਨ !

**ਬਾਨੀ:** ਜਲਵਾਯੂ-ਪਰਿਵਰਤਨ ਦੇ ਐਨੇ ਵਿਆਪਕ ਪ੍ਰਭਾਵਾਂ ਬਾਰੇ ਅਸੀਂ ਤਾਂ ਸੋਚਿਆ ਹੀ ਨਹੀਂ ਸੀ। ਇਸ ਦੇ ਰੋਕਥਾਮ ਦੇ ਕੀ ਉਪਾਅ ਹੋ ਸਕਦੇ ਨੇ?

**ਬਿਪਿਨ:** ਵਧਦੀਆਂ ਮਨੁੱਖੀ ਗਤੀਵਿਧੀਆਂ ਅਤੇ ਜ਼ਰੂਰਤਾਂ ਦੀ ਪੂਰਤੀ ਲਈ, ਕੁਦਰਤੀ-ਸੰਸਾਧਨਾਂ ਦੀ ਅੰਧਾ-ਧੁੰਦ ਵਰਤੋਂ ਇਸ ਸਮੱਸਿਆ ਦੀ ਮੂਲ ਜੜ੍ਹ ਹਨ। ਇਨ੍ਹਾਂ ਦਾ ਉਪਯੋਗ ਸਮੁਚਿਤ ਅਤੇ ਸੰਤੁਲਿਤ ਮਾਤਰਾ ਵਿਚ ਕੀਤਾ ਜਾਣਾ ਜ਼ਰੂਰੀ ਹੈ। ਨਹੀਂ ਤਾਂ ਭਵਿੱਖ ਵਿਚ ਹੋਣ ਵਾਲੀ ਅਣਹੋਣੀ ਨੂੰ ਟਾਲਿਆ ਨਹੀਂ ਜਾ ਸਕੇਗਾ।

**ਬਾਨੀ:** ਪਰ ਅੰਕਲ ਜੀਵਣ ਦਾ ਤੌਰ ਤਰੀਕਾ ਹੀ ਅਜਿਹਾ ਹੋ ਗਿਆ ਕਿ ਜਿਆਦਾ ਊਰਜਾ , ਵਰਤੋ ਤੇ ਸੁੱਟੋ ਬਿਨਾ ਜੀਣਾ ਮੁਸ਼ਕਲ ਹੁੰਦਾ ਜਾਂਦਾ ਹੈ !

**ਅਕਾਸ਼:** ਅੰਕਲ ਕੁਦਰਤੀ ਸ੍ਰਤਾਂ ਦਾ ਘਾਣ ਕਰਕੇ ਤਾਪਮਾਨ ਵਧਾਉਣ ਵਾਲੀ ਇਸ 'ਵਰਤੋ ਤੇ ਸੁਟੋ' ਜੀਵਣ ਸ਼ੈਲੀ ਨੂੰ

ਬੜਾਵਾ ਕੌਣ ਦਿੰਦਾ ਹੈ ?

**ਡਾ. ਪਾਂਡੇ:** ਦਰਅਸਲ ਸਾਡਾ ਵਿਕਾਸ ਮਾਡਲ ਅਤੇ ਪ੍ਰਬੰਧ ਹੀ ਅਜਿਹਾ ਹੈ ਕਿ ਆਪਣਾ-ਆਪਣਾ ਨਿਜੀ ਵਾਹਣ ਵਰਤਨ ਦੀ ਮਜਬੂਰੀ ਹੋ ਗਈ , ਇਮਾਰਤਾਂ ਅਜਿਹੀਆਂ ਹਨ ਕਿ ਏ ਸੀ ਬਿਨਾ ਰਿਹਾ ਨਹੀਂ ਜਾ ਸਕਦਾ ।

**ਪਿਤਾਜੀ:** ਸ਼ਾਡੇ ਵਿਕਾਸ ਦੇ ਮਾਡਲ ਵਿੱਚ ਵਰਤੋ ਸੁਟੋ ਸਭਿਆਚਾਰ ਬਜਾਰ ਵੱਲੋਂ ਪੈਦਾ ਕੀਤਾ ਗਿਆ ਹੈ ਤਾ ਕਿ ਵੱਧ ਤੋਂ ਵੱਧ ਵਸਤਾਂ ਦੇ ਉਤਪਾਦਨ ਅਤੇ ਵਿਕਰੀ ਲਈ ਵੱਧ ਤੋਂ ਵੱਧ ਖਪਤ ਹੋਵੇ!

**ਡਾ. ਪਾਂਡੇ:** ਹਾਂ ਜੀ ! ਸਹੀ ਕਿਹਾ ! ਪਰ ਸਾਨੂੰ ਇਸ ਤੋਂ ਮੋੜਾ ਕੱਟਣਾ ਪਵੇਗਾ ਕਿਉਂ ਜੋ ਕਿਸੇ ਵੀ ਸਥਾਨ ਦੀ ਜਲਵਾਯੂ-ਸਥਿਰਤਾ ਹੀ ਉਥੋਂ ਦੀ ਖੇਤੀ, ਆਮਦਨੀ, ਰੁਜ਼ਗਾਰ, ਜਨ-ਜੀਵਨ, ਸਮਾਜ ਅਤੇ ਸੰਸਕ੍ਰਿਤੀ ਨੂੰ ਪ੍ਰੋਤਸਾਹਿਤ ਕਰਦੇ ਹੋਏ ਸਥਿਰਤਾ ਪ੍ਰਦਾਨ ਕਰਦੀ ਹੈ।

**ਪਿਤਾਜੀ:** ਇਸ ਲਈ ਸਾਨੂੰ ਸਭ ਨੂੰ ਇਕ ਜ਼ਿੰਮੇਵਾਰ ਨਾਗਰਿਕ ਹੋਣ ਦੇ ਰੂਪ ਵਿਚ ਵਾਤਾਵਰਨੀ ਤਾਣੇ ਬਾਣੇ ਨੂੰ ਸਾਫ਼ ਅਤੇ ਸਥਾਈ ਬਣਾਈ ਰੱਖਣ ਵਿਚ ਅਪਣੀ ਭੂਮਿਕਾ ਨਿਭਾਉਣ ਦੇ ਨਾਲ-ਨਾਲ ਵਾਤਾਵਰਨੀ ਜਾਗਰੂਕਤਾ ਨੂੰ ਜਨ-ਜਨ ਤਕ ਪਹੁੰਚਾਉਣਾ ਹੋਵੇਗਾ।

**ਡਾ. ਪਾਂਡੇ:** ਬਹੁਤ ਅੱਛਾ, ਹੁਣ ਖਾਣੇ ਦਾ ਸੱਦਾ ਆ ਰਿਹਾ ਹੈ।

**ਸਾਰੇ ਇਕ ਸੁਰ ਵਿਚ:** ਹਾਂ ਹਾਂ, ਹੁਣ ਤਾਂ ਖਾਣਾ ਖਾਣਾ ਹੈ ਅਤੇ ਵਾਤਾਵਰਨ ਨੂੰ ਬਚਾਣਾ ਹੈ।

**===ਸਮਾਪਤੀ ਸੰਗੀਤ===**

ਪ੍ਰਸ਼ਨ

**ਪ੍ਰਸ਼ਨ-1 ਵਧਦੇ ਤਾਪਮਾਨ ਦਾ ਜੈਵਿਕ ਭਿੰਨਤਾ 'ਤੇ ਕੀ ਪ੍ਰਭਾਵ ਹੈ ?**

**ਉੱਤਰ :** ਜਿਆਦਾ ਗਰਮੀ ਨਾਲ ਕਈ ਪ੍ਰਜਾਤੀਆਂ ਦੇ ਖਤਮ ਹੋਣ ਦਾ ਖਤਰਾ ਮੰਡਰਾਉਂਦਾ ਹੈ ਜਿਸ ਕਾਰਨ ਭੋਜਨ ਲੜੀ ਵਿੱਚ ਖਲਲ ਪੈਣ ਨਾਲ ਹੋਰ ਪ੍ਰਜਾਤੀਆਂ ਵੀ ਵਿਲੁਪਤ ਹੋਣ ਲੱਗਦੀਆਂ ਹਨ ! ਮਨੁੱਖੀ ਹੋਂਦ ਨੂੰ ਹੀ ਖਤਰਾ ਬਣ ਜਾਂਦਾ ਹੈ ।

**ਪ੍ਰਸ਼ਨ -2 ਆਲਮੀ ਤਪਸ਼ ਤੇ ਬਿਮਾਰੀਆਂ ਦਾ ਕੀ ਸਬੰਧ ਹੈ ?**

**ਉੱਤਰ :** ਆਲਮੀ ਤਪਸ਼ ਕਾਰਨ ਕੁੱਝ ਨਵੀਂਆਂ ਬਿਮਾਰੀਆਂ ਪਨਪ ਪੈਂਦੀਆਂ ਹਨ ਤੇ ਕੁੱਝ ਬਿਮਾਰੀਆਂ ਹੋਰ ਭਿਆਨਕ ਹੋ ਜਾਂਦੀਆਂ ਹਨ , ਧਰਤੀ ਤੇ ਬਿਮਾਰੀਆਂ ਦਾ ਭੂਗੋਲਿਕ ਖਿਤਾ ਵੀ ਵਧ ਜਾਂਦਾ ਹੈ ।